# ਪੇਂਡੂ ਪੰਜਾਬ ਤੋਂ ਕੌਮਾਂਤਰੀ ਪਰਵਾਸ ਦਾ ਜ਼ਿਲ੍ਹਾ–ਵਾਰ ਵਿਸ਼ਲੇਸ਼ਣ

**ਗਿਆਨ ਸਿੰਘ**

ਸਾਬਕਾ ਪ੍ਰੋਫ਼ੈਸਰ, ਅਰਥ ਵਿਗਿਆਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

**ਧਰਮ ਪਾਲ**

ਸਹਾਇਕ ਪ੍ਰੋਫ਼ੈਸਰ, ਅਰਥ ਵਿਗਿਆਨ ਵਿਭਾਗ, ਇਕਡੋਲ, ਹਿਮਾਚਲ ਪ੍ਰਦੇਸ ਯੂਨੀਵਰਸਿਟੀ, ਸ਼ਿਮਲਾ।

**ਗੁਰਿੰਦਰ ਕੌਰ**

ਸਾਬਕਾ ਪ੍ਰੋਫ਼ੈਸਰ, ਭੂਗੋਲ ਵਿਭਾਗ,ਪੰਜਾਬੀ ਯੂਨੀਵਰਸਿਟੀ, ਪਟਿਆਲਾ।

**ਰੁਪਿੰਦਰ ਕੌਰ**

ਸਹਾਇਕ ਪ੍ਰੋਫ਼ੈਸਰ, ਅਰਥ ਵਿਗਿਆਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

**ਸੁਖਵੀਰ ਕੌਰ**

ਸਹਾਇਕ ਪ੍ਰੋਫ਼ੈਸਰ, ਅਰਥ ਵਿਗਿਆਨ ਵਿਭਾਗ, ਦਸ਼ਮੇਸ਼ ਖਾਲਸਾ ਕਾਲਜ, ਜ਼ੀਰਕਪੁਰ।

**ਜੋਤੀ**

ਸਹਾਇਕ ਪ੍ਰੋਫ਼ੈਸਰ, ਅਰਥ ਵਿਗਿਆਨ ਵਿਭਾਗ, ਜੀ.ਜੀ.ਡੀ.ਐੱਸ.ਡੀ. ਕਾਲਜ, ਖੇੜੀ ਗੁਰਨਾ, ਬਨੂੰੜ।

**ਸਾਰਅੰਸ਼**

*ਮੌਜੂਦਾ ਖੋਜ ਅਧਿਐਨ ਪੰਜਾਬ ਰਾਜ ਦੇ ਚੁਣੇ ਹੋਏ 12 ਜ਼ਿਲ੍ਹਿਆਂ ਦੇ 98 ਕਮਿਊਨਿਟੀ ਵਿਕਾਸ ਬਲਾਕਾਂ ਤੋਂ ਕੌਮਾਂਤਰੀ ਪਰਵਾਸ ਦੇ ਵੱਖ ਵੱਖ ਪਹਿਲੂਆਂ ਦਾ ਜ਼ਿਲ੍ਹਾ–ਵਾਰ ਵਿਸ਼ਲੇਸ਼ਣ ਕਰਨ ਦਾ ਇੱਕ ਯਤਨ ਕਰਦਾ ਹੈ। ਪੰਜਾਬ ਦੇ 12 ਜ਼ਿਲ੍ਹਿਆਂ ਦੇ 2597 ਪਰਿਵਾਰਾਂ ਤੋਂ ਇਕੱਠੇ ਕੀਤੇ ਮੁੱਢਲੇ ਅੰਕੜਿਆਂ ਉੱਤੇ ਅਧਾਰਿਤ ਇਸ ਖੋਜ ਅਧਿਐਨ ਨੇ ਖੁਲਾਸਾ ਕੀਤਾ ਕਿ ਪੇਂਡੂ ਪੰਜਾਬ ਤੋਂ ਕੌਮਾਂਤਰੀ ਪਰਵਾਸ ਪੁਰਸ਼ ਅਤੇ ਜਰਨਲ ਜਾਤੀ ਪ੍ਰਧਾਨ ਹੋਣ ਦੇ ਨਾਲ਼ ਨਾਲ਼ ਨੌਜਵਾਨ-ਕੇਂਦ੍ਰਿਤ ਵੀ ਹੈ। ਜ਼ਿਆਦਾਤਰ ਚੁਣੇ ਹੋਏ ਜ਼ਿਲ੍ਹਿਆਂ ਵਿੱਚੋਂ ਬਹੁਤੇ ਨੌਜਵਾਨਾਂ ਨੇ ਸੀਨੀਅਰ ਸੈਕੰਡਰੀ ਪੱਧਰ ਦੀ ਸਿੱਖਿਆ ਪੂਰੀ ਕਰਨ ਤੋਂ ਬਾਅਦ ਹੀ ਵਿਦੇਸਾਂ ਨੂੰ ਪਰਵਾਸ ਕੀਤਾ। ਬੇਰੁਜ਼ਗਾਰੀ, ਵਿਦੇਸਾਂ ਵਿੱਚ ਬਿਹਤਰ ਰਹਿਣ-ਸਹਿਣ ਦੀਆਂ ਸਥਿਤੀਆਂ ਅਤੇ ਪ੍ਰਸ਼ਾਸਕੀ ਸਹੂਲਤਾਂ, ਵਧੇਰੇ ਕਮਾਈ ਕਰਨ ਦੀ ਇੱਛਾ, ਉੱਚ ਸਿੱਖਿਆ ਪ੍ਰਾਪਤ ਕਰਨਾ, ਅਤੇ ਸਾਥੀਆਂ ਦਾ ਦਬਾਅ, ਸੂਬੇ ਦੀ ਵਿਗੜਦੀ ਸਮਾਜਿਕ-ਆਰਥਿਕ ਸਥਿਤੀ ਅਤੇ ਹੋਰ ਸਮਾਜਿਕ ਮੁੱਦੇ ਜਿਵੇਂ ਕਿ ਸੂਬੇ ਵਿੱਚ ਨਸ਼ਾਖੋਰੀ ਅਤੇ ਵਧ ਰਹੇ ਅਪਰਾਧ ਆਦਿ ਪੇਂਡੂ ਪੰਜਾਬ ਤੋਂ ਪਰਵਾਸ ਦੇ ਮੁੱਖ ਕਾਰਨ ਸਾਹਮਣੇ ਆਏ ਹਨ। ਮੌਜੂਦਾ ਖੋਜ ਅਧਿਐਨ ਮੁੱਖ ਤੌਰ ਉੱਤੇ ਪੇਂਡੂ ਪੰਜਾਬ ਤੋਂ ਕੌਮਾਂਤਰੀ ਪਰਵਾਸ ਦੇ ਨਤੀਜੇ ਵਜੋਂ 'ਬੌਧਿਕ ਹੂੰਝਾ', 'ਪੂੰਜੀ ਹੂੰਝਾ', ਅਤੇ 'ਜਨਸੰਖਿਆ ਲਾਭਅੰਸ਼ ਦੇ ਨੁਕਸਾਨ' ਅਤੇ ਕੁਝ ਹੋਰ ਸਮੱਸਿਆਵਾਂ ਨੂੰ ਉਜਾਗਰ ਕਰਦਾ ਹੈ।*

## ਭੂਮਿਕਾ

ਪਰਵਾਸ ਦਾ ਵਰਤਾਰਾ ਕੋਈ ਨਵਾਂ ਨਹੀਂ ਹੈ, ਪੁਰਾਣੇ ਸਮਿਆਂ ਵਿੱਚ ਵੀ ਲੋਕ ਵੱਖ ਵੱਖ ਕਾਰਨਾਂ ਜਿਵੇਂ ਕਿ ਨਸਲੀ ਸੰਘਰਸ਼, ਕੁਦਰਤੀ ਆਫ਼ਤਾਂ, ਅਤੇ ਸਮਾਜਿਕ-ਆਰਥਿਕ ਸੁਧਾਰ ਲਈ ਇੱਕ ਖੇਤਰ ਤੋਂ ਦੂਜੇ ਖੇਤਰ ਵਿੱਚ ਪਰਵਾਸ ਕਰਦੇ ਸਨ (ਠਾਕੁਰ, 2017)। ਪਰਵਾਸ ਦਾ ਇਤਿਹਾਸ ਲੋਕਾਂ ਦੇ ਜਿਊਣ ਅਤੇ ਖੁਸ਼ਹਾਲ ਰਹਿਣ ਲਈ ਕੀਤੇ ਸੰਘਰਸ਼, ਗ਼ਰੀਬੀ-ਸੰਬੰਧਿਤ ਅਸੁਰੱਖਿਆ ਤੋਂ ਬਚਣ, ਅਤੇ ਮੌਕਿਆਂ ਦੀ ਭਾਲ ਲਈ ਅੱਗੇ ਵਧਣ ਨਾਲ਼ ਸ਼ੁਰੂ ਹੋਇਆ (ਅਨੇਨੇ ਅਤੇ ਹੋਰ, 2019)। ਬਿਹਤਰ ਆਰਥਿਕ ਮੌਕਿਆਂ ਦੀ ਭਾਲ ਲਈ ਅੱਜ ਤੱਕ ਜ਼ਿਆਦਾਤਰ ਪਰਵਾਸ ਆਮ ਤੌਰ ਉੱਤੇ ਘੱਟ ਵਿਕਸਤ ਖੇਤਰਾਂ ਤੋਂ ਵਧੇਰੇ ਵਿਕਸਤ ਖੇਤਰਾਂ ਵੱਲ ਹੋਇਆ ਹੈ (ਕੌਰ, 2020)। ਕੌਮਾਂਤਰੀ ਪਰਵਾਸ ਤੇਜ਼ੀ ਨਾਲ਼ ਆਮ ਵਰਤਾਰਾ ਬਣ ਗਿਆ ਹੈ, ਲੱਖਾਂ ਲੋਕ ਵਿਦੇਸਾਂ ਵਿੱਚ ਬਿਹਤਰ ਮੌਕਿਆਂ ਦੀ ਭਾਲ ਵਿੱਚ ਆਪਣੇ ਦੇਸ ਛੱਡ ਰਹੇ ਹਨ। ਇਹ ਰੁਝਾਨ ਭਾਰਤ ਵਿੱਚ ਵਿਸ਼ੇਸ਼ ਤੌਰ ਉੱਤੇ ਧਿਆਨ ਦੇਣ ਯੋਗ ਹੈ ਜਿੱਥੇ ਆਰਥਿਕ ਵਿਕਾਸ ਅਤੇ ਉਦਾਰੀਕਰਨ ਦੀਆਂ ਨੀਤੀਆਂ ਨੇ ਹੁਨਰਮੰਦ ਅਤੇ ਧਨੀ ਲੋਕਾਂ ਲਈ ਵਿਦੇਸਾਂ ਦੇ ਫ਼ਾਇਦੇ ਉਠਾਉਣ ਦੇ ਨਵੇਂ ਮੌਕੇ ਪੈਦਾ ਕੀਤੇ ਹਨ। ਭਾਰਤ ਦੇ ਉਹਨਾਂ ਖੇਤਰਾਂ ਵਿੱਚੋਂ ਪੰਜਾਬ ਇੱਕ ਹੈ ਜਿਸ ਵਿੱਚ ਹਾਲ ਹੀ ਦੇ ਸਾਲਾਂ ਵਿੱਚ ਕੌਮਾਂਤਰੀ ਪਰਵਾਸ ਵਿੱਚ ਮਹੱਤਵਪੂਰਨ ਵਾਧਾ ਹੋਇਆ ਹੈ (ਗੁਪਤਾ ਅਤੇ ਹੋਰ, 2023)।

ਪੰਜਾਬ ਵਿੱਚ ਕੌਮਾਂਤਰੀ ਅਤੇ ਅੰਦਰੂਨੀ ਪਰਵਾਸ ਬਹੁਤ ਹੋਇਆ ਹੈ। ਇਤਿਹਾਸਕ ਤੌਰ ਉੱਤੇ ਪੰਜਾਬ ਆਪਣੀ ਭੂਗੋਲਿਕ ਸਥਿਤੀ ਕਾਰਨ ਪਰਵਾਸ ਨਾਲ਼ ਜੁੜਿਆ ਰਿਹਾ ਹੈ। ਉੱਤਰੀ ਸਰਹੱਦਾਂ ਤੋਂ ਭਾਰਤ ਵਿੱਚ ਆਏ ਸਾਰੇ ਹਮਲਾਵਰ ਪੰਜਾਬ ਵਿੱਚੋਂ ਲੰਘੇ। ਪੰਜਾਬ ਦੇ ਲੋਕਾਂ ਨੂੰ ਵੱਡੀ ਗਿਣਤੀ ਵਿੱਚ ਹਾਕਮਾਂ ਦਾ ਸਾਹਮਣਾ ਕਰਨਾ ਪਿਆ। ਵਿਦੇਸੀ ਸ਼ਾਸਕ ਜਿਵੇਂ ਤੁਰਕ (11ਵੀਂ ਤੋਂ 18ਵੀਂ ਸਦੀ ਤੱਕ), ਅਫ਼ਗਾਨ (15ਵੀਂ ਤੋਂ 16ਵੀਂ ਸਦੀ ਤੱਕ) ਅਤੇ ਉਹਨਾਂ ਤੋਂ ਬਾਅਦ ਮੁਗਲਾਂ ਨੇ ਰਾਜ ਕੀਤਾ, ਅਤੇ ਫਿਰ ਪੰਜਾਬ 1849 ਵਿੱਚ ਬ੍ਰਿਟਿਸ਼ ਰਾਜ ਦੇ ਅਧੀਨ ਆ ਗਿਆ। ਇਸ ਤਰ੍ਹਾਂ, ਪੰਜਾਬ ਦੀ ਧਰਤੀ ਵੱਖ ਵੱਖ ਖਿੱਤਿਆਂ ਦੇ ਲੋਕਾਂ ਅਤੇ ਨਸਲਾਂ ਦੇ ਮਿਲਣ ਦਾ ਮੈਦਾਨ ਰਹੀ ਹੈ, ਜਿਸ ਨਾਲ਼ ਨਵੇਂ ਸੱਭਿਆਚਾਰ ਅਤੇ ਵਿਚਾਰ ਹੋਂਦ ਵਿੱਚ ਆਏ। ਪੰਜਾਬੀਆਂ ਦੀ ਵਿਦੇਸੀਆਂ ਨਾਲ਼ ਟਾਕਰੇ/ ਗੱਲਬਾਤ ਨੇ ਪੰਜਾਬ ਦੇ ਵਸਨੀਕਾਂ ਨੂੰ ਵਧੇਰੇ ਜੀਵੰਤ, ਕਿਰਿਆਸ਼ੀਲ ਅਤੇ ਗਤੀਸ਼ੀਲ ਬਣਾਇਆ (ਪੁਸ਼ਕਰਨ, 2015)।

ਯੂ.ਐੱਸ.ਏ., ਯੂ.ਕੇ., ਕੈਨੇਡਾ, ਅਸਟਰੇਲੀਆ, ਅਤੇ ਹੋਰਾਂ ਉਦਯੋਗਿਕ ਉੱਨਤ ਦੇਸਾਂ ਵਿੱਚ ਪੰਜਾਬੀਆਂ ਦੇ ਕੌਮਾਂਤਰੀ ਪਰਵਾਸ ਦੀ ਲਹਿਰ ਪੇਂਡੂ ਅਤੇ ਸ਼ਹਿਰੀ ਆਬਾਦੀ ਨੂੰ ਬਿਹਤਰ ਮੌਕਿਆਂ ਦੀ ਭਾਲ਼ ਲਈ ਧੱਕ ਰਹੀ ਹੈ। 1960ਵਿਆਂ ਦੇ ਦਹਾਕੇ ਦੌਰਾਨ, ਪੰਜਾਬੀ ਨੌਜਵਾਨ ਬਿਹਤਰ ਨੌਕਰੀਆਂ ਦੀ ਭਾਲ ਵਿੱਚ ਇਹਨਾਂ ਪੱਛਮੀ ਦੇਸਾਂ ਵਿੱਚ ਗਏ। ਖਾੜੀ ਦੇਸਾਂ ਵਿੱਚ ਤੇਲ ਦੀ ਕੀਮਤ ਵਿੱਚ ਆਏ ਉਛਾਲ਼ ਨੇ ਪੰਜਾਬੀਆਂ ਨੂੰ ਵਧੇਰੇ ਪੈਸਾ ਕਮਾਉਣ ਲਈ ਆਪਣੇ ਵੱਲ ਖਿੱਚਿਆ। ਬਾਅਦ ਵਿੱਚ, 1980ਵਿਆਂ ਦੇ ਦਹਾਕੇ ਵਿੱਚ ਪੰਜਾਬ ਦੇ ਕਿਸਾਨਾਂ ਦੇ ਅਮੀਰ ਵਰਗ ਵਿੱਚ ਪਰਵਾਸ ਦੀ ਧਾਰਨਾ ਉੱਭਰ ਕੇ ਸਾਹਮਣੇ ਆਈ, ਜਿਹਨਾਂ ਨੇ ਵਿਦੇਸਾਂ ਵਿੱਚ ਪੱਕੇ ਤੌਰ ਉੱਤੇ ਰਹਿਣ (ਪੀ.ਆਰ.) ਜਾਂ ਉਹਨਾਂ ਦੇਸਾਂ ਦੀ ਨਾਗਰਿਕਤਾ ਪ੍ਰਾਪਤ ਕਰਨ ਲਈ ਵਿਕਸਤ ਦੇਸਾਂ ਵਿੱਚ ਪਹਿਲਾਂ ਹੀ ਵੱਸੇ ਹੋਏ ਪਰਿਵਾਰਾਂ ਦੀਆਂ ਧੀਆਂ ਨਾਲ਼ ਵਿਆਹ ਕਰਨ ਲਈ ਆਪਣੇ ਪੁੱਤਰਾਂ ਨੂੰ ਵਿਕਸਤ ਦੇਸਾਂ ਵਿੱਚ ਭੇਜਣਾ ਸ਼ੁਰੂ ਕੀਤਾ (ਭਾਰਗਵ ਅਤੇ ਸ਼ਰਮਾ, 2022)।

ਪੰਜਾਬ, ਭਾਰਤ ਦਾ ਮੋਹਰੀ ਖੇਤੀਬਾੜੀ ਸੂਬਾ ਹੋਣ ਦੇ ਨਾਲ਼ ਨਾਲ਼, ਵਿਦੇਸਾਂ ਵਿੱਚ ਰਹਿੰਦੇ ਭਾਰਤੀਆਂ ਵਿੱਚ ਇੱਕ ਵੱਡਾ ਹਿੱਸਾ ਪਾਉਂਦਾ ਹੈ। ਆਪਣੇ ਲੋਕਾਂ ਨੂੰ ਵਿਦੇਸ ਭੇਜਣ ਦੇ ਮਾਮਲੇ ਵਿੱਚ ਪੰਜਾਬ ਕੇਰਲਾ ਤੋਂ ਬਾਅਦ ਦੂਜੇ ਨੰਬਰ ਉੱਤੇ ਹੈ (ਦਿ ਟ੍ਰਿਬਿਊਨ, 2019)। ਪੰਜਾਬ ਪੰਜਾਬੀ ਸਮਾਜ ਦੇ ਜੀਵਨ ਵਿੱਚ ਪ੍ਰਚਲਿਤ ਪਰਵਾਸ ਦਾ ਜਿਊਂਦਾ ਜਾਗਦਾ ਸਬੂਤ ਹੈ (ਨੰਦਾ ਅਤੇ ਵੇਰੋਨ, 2015)। ਪਿਛਲੇ ਕਈ ਦਹਾਕਿਆਂ ਤੋਂ ਪੰਜਾਬ ਤੋਂ ਕੌਮਾਂਤਰੀ ਪਰਵਾਸ ਲਗਾਤਾਰ ਵਧ ਰਿਹਾ ਹੈ ਅਤੇ ਇਹ ਭਾਰਤ ਦੇ ਚੋਟੀ ਦੇ ਸੂਬਿਆਂ ਵਿੱਚੋਂ ਇੱਕ ਹੈ ਜਿੱਥੋਂ ਵੱਡੇ ਪੱਧਰ ਉੱਤੇ ਪਰਵਾਸ

ਹੋਇਆ ਹੈ। ਵਿਦੇਸ ਮੰਤਰਾਲੇ ਦੀ ਸਾਲਾਨਾ ਰਿਪੋਰਟ (2018-19) ਅਨੁਸਾਰ ਸਾਲ 2018 ਵਿੱਚ ਕੌਮਾਂਤਰੀ ਪਰਵਾਸ ਵਿੱਚ ਪੰਜਾਬ ਦਾ ਹਿੱਸਾ 6 ਪ੍ਰਤਿਸ਼ਤ ਸੀ।

ਪੰਜਾਬ ਦੇ ਨੌਜਵਾਨਾਂ ਵਿੱਚ ਸਟੱਡੀ-ਵੀਜ਼ੇ ਦੇ ਆਧਾਰ ਉੱਤੇ ਵਿਦੇਸਾਂ ਵਿੱਚ ਵੱਸਣ ਦਾ ਰੁਝਾਨ ਵਧ ਰਿਹਾ ਹੈ। ਜ਼ਿਆਦਾ ਪਿੰਡਾਂ ਵਿੱਚ ਤਾਂ ਵਿਦੇਸਾਂ ਵਿੱਚ ਪਰਵਾਸ ਨੂੰ ਚੰਗੀ ਹੈਸੀਅਤ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਅੱਜਕੱਲ੍ਹ ਤਾਂ 12ਵੀਂ ਜਮਾਤ ਦੇ ਪਾਸ ਵਿਦਿਆਰਥੀ ਵੀ ਵਿਦੇਸੀ ਕਾਲਜਾਂ/ਯੂਨੀਵਰਸਿਟੀਆਂ ਵਿੱਚ ਪੜ੍ਹਨ ਨੂੰ ਤਰਜੀਹ ਦਿੰਦੇ ਹਨ। ਉਹ ਵਿਦੇਸਾਂ ਵਿੱਚ ਆਧੁਨਿਕ ਜੀਵਨ ਸ਼ੈਲੀ ਤੋਂ ਮੋਹਿਤ ਹਨ। ਬਹੁਤੇ ਵਿਦਿਆਰਥੀ ਵਿਦੇਸੀ ਕਾਲਜਾਂ/ਯੂਨੀਵਰਸਿਟੀਆਂ ਵਿੱਚ ਪੜ੍ਹਾਈ ਨੂੰ ਉੱਨਤ ਦੇਸਾਂ ਵਿੱਚ ਸਥਾਈ ਪਰਵਾਸ ਲਈ ਇੱਕ ਜ਼ਰੀਆ ਮੰਨਦੇ ਹਨ (ਕੌਰ, 2019)। ਇਸ ਮੌਜੂਦਾ ਖੋਜ ਅਧਿਐਨ ਵਿੱਚ ਪੰਜਾਬ ਦੇ ਚੁਣੇ ਗਏ 12 ਜ਼ਿਲ੍ਹਿਆਂ ਤੋਂ ਹੋਏ ਕੌਮਾਂਤਰੀ ਪਰਵਾਸ ਦੇ ਵੱਖ ਵੱਖ ਪਹਿਲੂਆਂ ਦਾ ਜ਼ਿਲ੍ਹਾ-ਵਾਰ ਵਿਸ਼ਲੇਸ਼ਣ ਕਰਨ ਦਾ ਇੱਕ ਯਤਨ ਕੀਤਾ ਗਿਆ ਹੈ।

## ਖੋਜ ਵਿਧੀ

ਮੌਜੂਦਾ ਅਧਿਐਨ ਬਹੁ-ਪੱਧਰੀ ਦਰਜਾਬੰਦੀ ਬੇਤਰਤੀਬੀ ਨਮੂਨਾ (Multi-stage Stratified Random Sampling) ਤਕਨੀਕ ਉੱਤੇ ਅਧਾਰਤ ਹੈ। ਇਸ ਅਧਿਐਨ ਦੇ ਉਦੇਸ਼ ਲਈ, ਪੰਜਾਬ ਦੇ ਤਿੰਨੋਂ ਭੂਗੋਲਿਕ ਖੇਤਰਾਂ- ਮਾਝਾ, ਦੁਆਬਾ, ਅਤੇ ਮਾਲਵਾ- ਦੇ ਅੱਧੇ ਜ਼ਿਲ੍ਹੇ ਗ਼ੈਰ-ਵਿਵਸਥਾ ਢੰਗ (randomly) ਨਾਲ਼ ਚੁਣੇ ਗਏ ਹਨ। ਮਾਝੇ ਦੇ ਚਾਰ ਜ਼ਿਲ੍ਹਿਆਂ ਵਿੱਚੋਂ ਦੋ ਜ਼ਿਲ੍ਹੇ- ਅੰਮ੍ਰਿਤਸਰ ਅਤੇ ਗੁਰਦਾਸਪੁਰ ਨੂੰ ਚੁਣਿਆ ਗਿਆ। ਦੋਆਬੇ ਦੇ ਚਾਰ ਜ਼ਿਲ੍ਹਿਆਂ ਵਿੱਚੋਂ ਜਲੰਧਰ ਅਤੇ ਹੁਸ਼ਿਆਰਪੁਰ ਜ਼ਿਲ੍ਹਿਆਂ ਦੀ ਚੋਣ ਕੀਤੀ ਗਈ। ਇਸੇ ਤਰ੍ਹਾਂ ਮਾਲਵੇ ਦੇ 15 ਜ਼ਿਲ੍ਹਿਆਂ ਵਿੱਚੋਂ ਅੱਠ ਜ਼ਿਲ੍ਹੇ-ਬਰਨਾਲਾ, ਬਠਿੰਡਾ, ਫ਼ਿਰੋਜ਼ਪੁਰ, ਲੁਧਿਆਣਾ, ਮੋਗਾ, ਪਟਿਆਲਾ, ਸੰਗਰੂਰ, ਅਤੇ ਸ੍ਰੀ ਮੁਕਤਸਰ ਸਾਹਿਬ ਚੁਣੇ ਗਏ।

ਅਗਲੇ ਪੜਾਅ ਉੱਤੇ, ਚੁਣੇ ਹੋਏ ਜ਼ਿਲ੍ਹਿਆਂ ਦੇ ਹਰੇਕ ਕਮਿਊਨਿਟੀ ਵਿਕਾਸ ਬਲਾਕ ਵਿੱਚੋਂ ਇੱਕ ਪਿੰਡ ਨੂੰ ਗ਼ੈਰ-ਵਿਵਸਥਾ ਢੰਗ (randomly) ਨਾਲ਼ ਚੁਣਿਆ ਗਿਆ।ਇਸ ਤਰ੍ਹਾਂ ਸਰਵੇਖਣ ਲਈ ਕੁੱਲ 98 ਪਿੰਡ ਚੁਣੇ ਗਏ, ਜਿਹਨਾਂ ਵਿੱਚ ਮਾਝੇ ਦੇ 20, ਦੁਆਬੇ ਦੇ 21 ਅਤੇ ਮਾਲਵੇ ਦੇ 57 ਪਿੰਡ ਸਨ। ਚੁਣੇ ਗਏ ਪਿੰਡਾਂ ਵਿੱਚੋਂ, 1951 ਤੋਂ 2021 ਦੇ ਸਮੇਂ ਦੌਰਾਨ ਉਹਨਾਂ ਸਾਰੇ ਪਰਿਵਾਰਾਂ ਦਾ ਸਰਵੇਖਣ ਕੀਤਾ ਗਿਆ ਹੈ ਜਿਹਨਾਂ ਦਾ ਕੋਈ ਨਾ ਕੋਈ ਵਿਅਕਤੀ ਦੂਸਰੇ ਦੇਸਾਂ ਵਿੱਚ ਗਿਆ ਹੈ। ਅਜਿਹੇ ਪਰਿਵਾਰ ਮਾਝੇ ਵਿੱਚ 358, ਦੁਆਬੇ ਵਿੱਚ 947 ਅਤੇ ਮਾਲਵੇ ਵਿੱਚ 1292 ਪਾਏ ਗਏ। ਇਸ ਤਰ੍ਹਾਂ, ਪੇਂਡੂ ਪੰਜਾਬ ਵਿੱਚ ਕੁੱਲ 2597 ਅਜਿਹੇ ਪਰਿਵਾਰਾਂ ਤੋਂ ਅੰਕੜੇ ਇੱਕਠੇ ਕੀਤੇ ਗਏ। ਇੰਟਰਵਿਊ ਵਿਧੀ ਦੁਆਰਾ ਪ੍ਰਸ਼ਨਾਵਲੀ-ਕਮ-ਸ਼ਡਿਊਲ ਰਾਹੀਂ ਪਰਵਾਸੀਆਂ ਦੇ ਪਰਿਵਾਰਕ ਮੈਂਬਰਾਂ ਤੋਂ ਲੋੜੀਂਦੇ ਮੁੱਢਲੇ ਅੰਕੜੇ ਇੱਕਠੇ ਕੀਤੇ ਗਏ। ਮੌਜੂਦਾ ਅਧਿਐਨ ਲਈ ਪ੍ਰਾਪਤ ਜਾਣਕਾਰੀ ਨੂੰ ਸਾਰਨੀਆਂ ਰਾਹੀਂ ਦਰਸਾਇਆ ਗਿਆ ਹੈ। ਇਹਨਾਂ ਸਾਰਨੀਆਂ ਵਿੱਚ ਸੰਬੰਧਿਤ ਚਰਾਂ ਦੇ ਔਸਤ ਮੁੱਲ ਅਤੇ ਅਨੁਪਾਤਿਕ ਮੁੱਲ ਦਰਸਾਏ ਗਏ ਹਨ।

### ਨਤੀਜੇ ਅਤੇ ਚਰਚਾ

ਸਾਰਨੀ 1 ਪਰਵਾਸੀਆਂ ਅਤੇ ਸਰਵੇਖਣ ਕੀਤੇ ਪਰਿਵਾਰਾਂ ਦੀ ਜ਼ਿਲ੍ਹਾ-ਵਾਰ ਗਿਣਤੀ ਨੂੰ ਦਰਸਾਉਂਦੀ ਹੈ। ਇਸ ਸਾਰਨੀ ਤੋਂ ਪਤਾ ਲੱਗਦਾ ਹੈ ਕਿ 1951 ਤੋਂ 2021 ਦੌਰਾਨ ਵਿਦੇਸਾਂ ਵਿੱਚ ਪਰਵਾਸ ਕਰਨ ਵਾਲ਼ੇ ਪਰਿਵਾਰਾਂ ਦੀ ਗਿਣਤੀ ਜਲੰਧਰ ਵਿੱਚ 560, ਹੁਸ਼ਿਆਰਪੁਰ ਵਿੱਚ 387, ਲੁਧਿਆਣਾ ਵਿੱਚ 385, ਮੋਗਾ ਵਿੱਚ 221, ਅੰਮ੍ਰਿਤਸਰ ਵਿੱਚ 182, ਗੁਰਦਾਸਪੁਰ ਵਿੱਚ 176, ਸੰਗਰੂਰ ਵਿੱਚ 159, ਬਠਿੰਡਾ ਵਿੱਚ 146, ਬਰਨਾਲਾ ਵਿੱਚ 111, ਪਟਿਆਲਾ ਵਿੱਚ 109, ਫ਼ਿਰੋਜ਼ਪੁਰ ਵਿੱਚ 93, ਅਤੇ ਸ੍ਰੀ ਮੁਕਤਸਰ ਸਾਹਿਬ ਵਿੱਚ 68 ਪਾਈ ਗਈ। ਸਰਵੇ ਕੀਤੇ ਗਏ ਕੁੱਲ ਪਰਿਵਾਰਾਂ ਵਿੱਚੋਂ ਜਲੰਧਰ, ਹੁਸ਼ਿਆਰਪੁਰ, ਲੁਧਿਆਣਾ, ਮੋਗਾ, ਸੰਗਰੂਰ, ਅੰਮ੍ਰਿਤਸਰ, ਗੁਰਦਾਸਪੁਰ, ਬਠਿੰਡਾ, ਪਟਿਆਲਾ, ਬਰਨਾਲਾ, ਫ਼ਿਰੋਜ਼ਪੁਰ, ਅਤੇ ਸ੍ਰੀ ਮੁਕਤਸਰ ਸਾਹਿਬ ਵਿੱਚ ਪਰਵਾਸੀ ਲੋਕਾਂ ਦੀ ਗਿਣਤੀ

ਕ੍ਰਮਵਾਰ 601, 422, 388, 211, 202, 184, 178, 153, 136, 130, 136, 112, ਅਤੇ 71 ਸੀ ਜਿਸ ਤੋਂ ਇਹ ਤੱਥ ਸਾਹਮਣੇ ਆਉਂਦਾ ਹੈ ਕਿ ਕੁਝ ਪਰਿਵਾਰਾਂ ਵਿੱਚੋਂ ਤੋਂ ਇੱਕ ਤੋਂ ਜ਼ਿਆਦਾ ਵਿਅਕਤੀਆਂ ਨੇ ਕੌਮਾਂਤਰੀ ਪਰਵਾਸ ਕੀਤਾ ਹੈ।ਮਾਲਵਾ ਖੇਤਰ ਦੇ ਜ਼ਿਲ੍ਹਿਆਂ ਵਿੱਚ ਕੌਮਾਂਤਰੀ ਪਰਵਾਸ ਤੇਜ਼ੀ ਨਾਲ਼ ਵਧ ਰਿਹਾ ਹੈ ਜਿੱਥੇ ਬਹੁਤ ਵੱਡੀ ਗਿਣਤੀ ਵਿੱਚ ਲੋਕ ਜੀਵਨ ਦੇ ਬਿਹਤਰ ਮਿਆਰ ਪ੍ਰਾਪਤ ਕਰਨ ਲਈ ਵਿਦੇਸਾਂ ਵਿੱਚ ਵੱਸਣਾ ਚਾਹੁੰਦੇ ਹਨ (ਵਢੇਰਾ ਅਤੇ ਪੂਨੀਆ, 2018)।

ਇਹ ਸਾਰਨੀ ਇੱਕਲੇ ਵਿਅਕਤੀ, ਦੋ ਜਾਂ ਦੋ ਤੋਂ ਵੱਧ ਵਿਅਕਤੀਆਂ, ਅਤੇ ਵਿਦੇਸਾਂ ਵਿੱਚ ਪਰਵਾਸ ਕਰ ਚੁੱਕੇ ਪੂਰੇ ਪਰਿਵਾਰਾਂ ਦੀ ਗਿਣਤੀ ਬਾਰੇ ਵੀ ਜਾਣਕਾਰੀ ਪੇਸ਼ ਕਰਦੀ ਹੈ। ਇਸ ਸਾਰਨੀ ਤੋਂ ਸਪੱਸ਼ਟ ਹੁੰਦਾ ਹੈ ਕਿ ਇਕੱਲੇ ਪਰਵਾਸੀ ਵਾਲ਼ੇ ਪਰਿਵਾਰਾਂ ਦੀ ਵੱਡੀ ਬਹੁ-ਗਿਣਤੀ ਅੰਮ੍ਰਿਤਸਰ (98.90 ਪ੍ਰਤਿਸ਼ਤ), ਗੁਰਦਾਸਪੁਰ (98.86 ਪ੍ਰਤਿਸ਼ਤ), ਅਤੇ ਸ੍ਰੀ ਮੁਕਤਸਰ ਸਾਹਿਬ (92.65 ਪ੍ਰਤਿਸ਼ਤ) ਜ਼ਿਲ੍ਹਿਆਂ ਵਿੱਚ ਪਾਈ ਗਈ ਹੈ, ਜਦੋਂ ਕਿ ਦੋ ਪਰਵਾਸੀ ਵਾਲ਼ੇ ਪਰਿਵਾਰ ਸਭ ਤੋਂ ਵੱਧ ਫ਼ਿਰੋਜ਼ਪੁਰ ਜ਼ਿਲ੍ਹਾ (24.73 ਪ੍ਰਤਿਸ਼ਤ) ਵਿੱਚ ਪਾਏ ਗਏ। ਬਰਨਾਲਾ, ਬਠਿੰਡਾ, ਹੁਸ਼ਿਆਰਪੁਰ, ਜਲੰਧਰ, ਲੁਧਿਆਣਾ, ਮੋਗਾ, ਪਟਿਆਲਾ, ਅਤੇ ਸੰਗਰੂਰ ਜ਼ਿਲ੍ਹਿਆਂ ਵਿੱਚ ਤਿੰਨ ਜਾਂ ਵੱਧ ਪਰਵਾਸੀਆਂ ਵਾਲ਼ੇ ਪਰਿਵਾਰ ਪਾਏ ਗਏ। ਇਹ ਵੀ ਧਿਆਨ ਦੇਣ ਯੋਗ ਹੈ ਕਿ ਜਲੰਧਰ ਵਿੱਚ 99, ਲੁਧਿਆਣਾ ਵਿੱਚ 89, ਮੋਗਾ ਵਿੱਚ 61, ਹੁਸ਼ਿਆਰਪੁਰ ਵਿੱਚ 50, ਬਠਿੰਡਾ ਵਿੱਚ 24, ਬਰਨਾਲਾ ਵਿੱਚ 13, ਪਟਿਆਲਾ ਵਿੱਚ 10, ਫ਼ਿਰੋਜ਼ਪੁਰ ਵਿੱਚ 4, ਸੰਗਰੂਰ ਵਿੱਚ 2 ਅਤੇ ਸ੍ਰੀ ਮੁਕਤਸਰ ਸਾਹਿਬ ਵਿੱਚ 1 ਪੂਰਾ ਪਰਿਵਾਰ ਹੀ ਦੂਸਰੇ ਦੇਸਾਂ ਵਿੱਚ ਪਰਵਾਸ ਕਰ ਗਏ।

ਸਾਰਨੀ 1: ਪਰਵਾਸੀਆਂ ਅਤੇ ਸਰਵੇਖਣ ਕੀਤੇ ਪਰਿਵਾਰਾਂ ਦੀ ਜ਼ਿਲ੍ਹਾ-ਵਾਰ ਗਿਣਤੀ

| ਚੁਣੇ ਹੋਏ ਜ਼ਿਲ੍ਹੇ | ਸਰਵੇਖਣ ਕੀਤੇ ਗਏ ਪਰਿਵਾਰਾਂ ਦੀ ਗਿਣਤੀ | ਪਰਵਾਸੀਆਂ ਦੀ ਗਿਣਤੀ | ਇੱਕਲੇ ਪਰਵਾਸੀ ਵਾਲ਼ੇ ਪਰਿਵਾਰਾਂ ਦੀ ਗਿਣਤੀ | ਦੋ ਪਰਵਾਸੀਆਂ ਵਾਲ਼ੇ ਪਰਿਵਾਰਾਂ ਦੀ ਗਿਣਤੀ | ਤਿੰਨ ਪਰਵਾਸੀਆਂ ਵਾਲ਼ੇ ਪਰਿਵਾਰਾਂ ਦੀ ਗਿਣਤੀ | ਚਾਰ ਪਰਵਾਸੀਆਂ ਵਾਲ਼ੇ ਪਰਿਵਾਰਾਂ ਦੀ ਗਿਣਤੀ | ਉਹਨਾਂ ਪਰਿਵਾਰਾਂ ਦੀ ਗਿਣਤੀ ਜਿਹਨਾਂ ਦੇ ਸਾਰੇ ਵਿਆਕਤੀ ਪਰਵਾਸ ਕਰ ਗਏ |
|---|---|---|---|---|---|---|---|
| ਅੰਮ੍ਰਿਤਸਰ | 182 | 184 | 180 (98.90) | 2 (1.10) | 0 (0.00) | 0 (0.00) | 0 (0.00) |
| ਬਰਨਾਲਾ | 111 | 130 | 73 (65.77) | 20 (18.02) | 3 (2.70) | 2 (1.80) | 13 (11.71) |
| ਬਠਿੰਡਾ | 146 | 153 | 93 (63.70) | 27 (18.49) | 2 (1.37) | 0 (0.00) | 24 (16.44) |
| ਫ਼ਿਰੋਜ਼ਪੁਰ | 93 | 112 | 66 (70.97) | 23 (24.73) | 0 (0.00) | 0 (0.00) | 4 (4.30) |
| ਗੁਰਦਾਸਪੁਰ | 176 | 178 | 174 (98.86) | 2 (1.14) | 0 (0.00) | 0 (0.00) | 0 (0.00) |
| ਹੁਸ਼ਿਆਰਪੁਰ | 387 | 422 | 265 (68.48) | 60 (15.50) | 11 (2.84) | 1 (0.26) | 50 (12.92) |
| ਜਲੰਧਰ | 560 | 601 | 347 (61.96) | 88 (15.71) | 26 (4.65) | 0 (0.00) | 99 (17.68) |

| | | | | | | | |
|---|---|---|---|---|---|---|---|
| ਲੁਧਿਆਣਾ | 385 | 388 | 225 (58.44) | 54 (14.03) | 13 (3.38) | 4 (1.03) | 89 (23.12) |
| ਮੋਗਾ | 221 | 211 | 116 (52.49) | 37 (16.74) | 7 (3.17) | 0 (0.00) | 61 (27.60) |
| ਪਟਿਆਲਾ | 109 | 136 | 73 (66.97) | 18 (16.51) | 5 (4.59) | 3 (2.76) | 10 (9.17) |
| ਸੰਗਰੂਰ | 159 | 202 | 122 (76.73) | 26 (16.35) | 8 (5.03) | 1 (0.63) | 2 (1.26) |
| ਸ੍ਰੀ ਮੁਕਤਸਰ ਸਾਹਿਬ | 68 | 71 | 63 (92.65) | 4 (5.88) | 0 (0.00) | 0 (0.00) | 1 (1.47) |

**ਸਰੋਤ:** ਫੀਲਡ ਸਰਵੇਖਣ, 2022
**ਨੋਟ:** ਬਰੈਕਟਾਂ ਵਿੱਚ ਦਿੱਤੇ ਗਏ ਅੰਕੜੇ ਪ੍ਰਤਿਸ਼ਤਤਾ ਨੂੰ ਦਰਸਾਉਂਦੇ ਹਨ।

ਸਾਰਨੀ 2 ਪੰਜਾਬ ਦੇ ਚੁਣੇ ਗਏ ਜ਼ਿਲ੍ਹਿਆਂ ਤੋਂ ਪਰਵਾਸੀਆਂ ਦੀ ਜਾਤੀ ਬਾਰੇ ਜਾਣਕਾਰੀ ਪ੍ਰਦਾਨ ਕਰਦੀ ਹੈ। ਇਹ ਸਾਰਨੀ ਦਰਸਾਉਂਦੀ ਹੈ ਕਿ ਪੰਜਾਬ ਦੇ ਸਾਰੇ ਚੁਣੇ ਗਏ ਜ਼ਿਲ੍ਹਿਆਂ ਵਿੱਚ ਪਰਵਾਸੀਆਂ ਦੀ ਵੱਡੀ ਬਹੁ-ਗਿਣਤੀ ਜਨਰਲ ਜਾਤੀ ਨਾਲ਼ ਸੰਬੰਧਿਤ ਸੀ। ਸ੍ਰੀ ਮੁਕਤਸਰ ਸਾਹਿਬ (97.18 ਪ੍ਰਤਿਸ਼ਤ), ਪਟਿਆਲਾ (94.12 ਪ੍ਰਤਿਸ਼ਤ), ਬਰਨਾਲਾ (88.46 ਪ੍ਰਤਿਸ਼ਤ), ਗੁਰਦਾਸਪੁਰ (87.64 ਪ੍ਰਤਿਸ਼ਤ) ਅਤੇ ਸੰਗਰੂਰ (84.65 ਪ੍ਰਤਿਸ਼ਤ) ਜ਼ਿਲ੍ਹਿਆਂ ਵਿੱਚ ਪਰਵਾਸੀਆਂ ਦਾ ਵੱਡਾ ਅਨੁਪਾਤ ਜਨਰਲ ਵਰਗ ਨਾਲ਼ ਸੰਬੰਧਿਤ ਪਾਇਆ ਗਿਆ। ਅਨੁਸੂਚਿਤ ਜਾਤੀ ਨਾਲ਼ ਸੰਬੰਧਿਤ ਪਰਵਾਸੀਆਂ ਦੀ ਸਭ ਤੋਂ ਵੱਧ ਪ੍ਰਤਿਸ਼ਤਤਾ ਜਲੰਧਰ ਜ਼ਿਲ੍ਹਾ (26.12) ਵਿੱਚ ਪਾਈ ਗਈ, ਇਸ ਤੋਂ ਬਾਅਦ ਦਾ ਕ੍ਰਮ ਮੋਗਾ (20.95), ਹੁਸ਼ਿਆਰਪੁਰ (17.77), ਲੁਧਿਆਣਾ (14.14), ਅੰਮ੍ਰਿਤਸਰ (14.13), ਬਠਿੰਡਾ (13.07), ਅਤੇ ਸੰਗਰੂਰ (10.40) ਜ਼ਿਲ੍ਹਿਆਂ ਦਾ ਸੀ। ਇਸੇ ਤਰ੍ਹਾਂ, ਪੱਛੜੀਆਂ ਸ਼੍ਰੇਣੀਆਂ ਨਾਲ਼ ਸੰਬੰਧਿਤ ਪਰਵਾਸੀਆਂ ਦੀ ਸਭ ਤੋਂ ਵੱਧ ਪ੍ਰਤਿਸ਼ਤਤਾ ਫ਼ਿਰੋਜ਼ਪੁਰ (26.78), ਹੁਸ਼ਿਆਰਪੁਰ (16.59), ਜਲੰਧਰ (12.15) ਅਤੇ ਲੁਧਿਆਣਾ (10.02) ਜ਼ਿਲ੍ਹਿਆਂ ਵਿੱਚ ਦਰਜ ਕੀਤੀ ਗਈ।

**ਸਾਰਨੀ 2: ਜਾਤੀ ਸ਼੍ਰੇਣੀ ਦੇ ਆਧਾਰ ਉੱਤੇ ਪਰਵਾਸੀਆਂ ਦੀ ਜ਼ਿਲ੍ਹਾ-ਵਾਰ ਵੰਡ**

| ਚੁਣੇ ਹੋਏ ਜ਼ਿਲ੍ਹੇ | ਸ਼੍ਰੇਣੀ | | | ਕੁੱਲ |
|---|---|---|---|---|
| | ਜਨਰਲ | ਅਨੁਸੂਚਿਤ ਜਾਤੀਆਂ | ਪੱਛੜੀਆਂ ਸ਼੍ਰੇਣੀਆਂ | |
| ਅੰਮ੍ਰਿਤਸਰ | 147 (79.89) | 26 (14.13) | 11 (5.98) | 184 (100.00) |
| ਬਰਨਾਲਾ | 115 (88.46) | 9 (6.92) | 6 (4.62) | 130 (100.00) |
| ਬਠਿੰਡਾ | 120 (78.43) | 20 (13.07) | 13 (8.50) | 153 (100.00) |
| ਫ਼ਿਰੋਜ਼ਪੁਰ | 79 (70.54) | 3 (2.68) | 30 (26.78) | 112 (100.00) |
| ਗੁਰਦਾਸਪੁਰ | 156 (87.64) | 16 (8.99) | 6 (3.37) | 178 (100.00) |
| ਹੁਸ਼ਿਆਰਪੁਰ | 277 (65.64) | 75 (17.77) | 70 (16.59) | 422 (100.00) |
| ਜਲੰਧਰ | 371 (61.73) | 157 (26.12) | 73 (12.15) | 601 (100.00) |
| ਲੁਧਿਆਣਾ | 295 (75.84) | 55 (14.14) | 39 (10.02) | 389 (100.00) |
| ਮੋਗਾ | 150 (71.43) | 44 (20.95) | 16 (7.62) | 210 (100.00) |
| ਪਟਿਆਲਾ | 128 | 4 | 4 | 136 |

| | | | | |
|---|---|---|---|---|
| | (94.12) | (2.94) | (2.94) | (100.00) |
| ਸੰਗਰੂਰ | 171<br>(84.65) | 21<br>(10.40) | 10<br>(4.95) | 202<br>(100.00) |
| ਸ੍ਰੀ ਮੁਕਤਸਰ ਸਾਹਿਬ | 69<br>(97.18) | 1<br>(1.41) | 1<br>(1.41) | 71<br>(100.00) |

**ਸਰੋਤ:** ਫੀਲਡ ਸਰਵੇਖਣ, 2022
**ਨੋਟ:** ਬਰੈਕਟਾਂ ਵਿੱਚ ਦਿੱਤੇ ਗਏ ਅੰਕੜੇ ਪ੍ਰਤਿਸ਼ਤਤਾ ਨੂੰ ਦਰਸਾਉਂਦੇ ਹਨ।

ਭਾਰਤੀ ਸਮਾਜ ਸਾਂਝੇ ਪਰਿਵਾਰਾਂ ਦਾ ਸਮਾਜ ਹੈ। ਇਹ ਵਿਸ਼ੇਸ਼ਤਾ ਭਾਵੇਂ ਸ਼ਹਿਰੀ ਖੇਤਰਾਂ ਵਿੱਚੋਂ ਅਲੋਪ ਹੋ ਰਹੀ ਹੈ, ਪਰ ਇਸ ਦੀਆਂ ਜੜ੍ਹਾਂ ਭਾਰਤ ਦੇ ਪੇਂਡੂ ਖੇਤਰਾਂ ਵਿੱਚ ਬਰਕਰਾਰ ਹਨ। ਪੰਜਾਬ ਆਪਣੀ ਖੇਤੀਬਾੜੀ ਸਦਕਾ ਵਿਆਪਕ ਤੌਰ ਉੱਤੇ ਖੁਸ਼ਹਾਲ ਹੋਇਆ ਜਿਸ ਨੇ ਪੇਂਡੂ ਖੇਤਰਾਂ ਵਿੱਚ ਮੌਜੂਦ ਸਾਂਝੇ ਪਰਿਵਾਰ ਪ੍ਰਣਾਲੀ ਤੋਂ ਆਪਣੀ ਤਾਕਤ ਹਾਸਿਲ ਕੀਤੀ। ਹਾਲਾਂ ਕਿ, ਸਮਾਜਿਕ-ਆਰਥਿਕ ਜ਼ਰੂਰਤਾਂ ਵਿੱਚ ਤਬਦੀਲੀਆਂ ਦੇ ਨਾਲ਼ ਜ਼ਮੀਨੀ ਵੰਡ ਹੋਈ ਅਤੇ ਇੱਕਹਿਰੇ ਪਰਿਵਾਰ ਪ੍ਰਣਾਲੀ ਪੇਂਡੂ ਖੇਤਰਾਂ ਵਿੱਚ ਵੀ ਜ਼ੋਰ ਫੜ ਰਹੀ ਹੈ। ਸਾਰਨੀ 3 ਤੋਂ ਪਤਾ ਲੱਗਦਾ ਹੈ ਕਿ ਗੁਰਦਾਸਪੁਰ, ਹੁਸ਼ਿਆਰਪੁਰ, ਫ਼ਿਰੋਜ਼ਪੁਰ, ਮੋਗਾ, ਜਲੰਧਰ, ਲੁਧਿਆਣਾ, ਬਠਿੰਡਾ, ਅੰਮ੍ਰਿਤਸਰ, ਸੰਗਰੂਰ, ਬਰਨਾਲਾ, ਅਤੇ ਪਟਿਆਲਾ ਜ਼ਿਲ੍ਹਿਆਂ ਵਿੱਚ ਜ਼ਿਆਦਾਤਰ ਪਰਵਾਸੀ ਜਿਵੇਂ 94.38, 89.10, 85.71, 84.29, 80.03, 76.86, 73.20, 66.30, 65.35, 64.62, ਅਤੇ 59.56 ਪ੍ਰਤਿਸ਼ਤ ਕ੍ਰਮਵਾਰ ਇੱਕਹਿਰੇ ਪਰਿਵਾਰਾਂ ਵਿੱਚ ਰਹਿ ਰਹੇ ਸਨ, ਜਦੋਂ ਕਿ ਬਾਕੀ 5.62, 10.90, 14.29, 15.71, 19.97, 23.14, 26.80, 33.70, 34.65, 35.38, ਅਤੇ 40.44 ਪ੍ਰਤਿਸ਼ਤ ਪਰਵਾਸੀ ਉਪਰੋਕਤ ਜ਼ਿਲ੍ਹਿਆਂ ਵਿੱਚ ਸਾਂਝੇ ਪਰਿਵਾਰ ਪ੍ਰਣਾਲੀ ਨਾਲ਼ ਸੰਬੰਧਿਤ ਸਨ।

**ਸਾਰਨੀ 3: ਪਰਿਵਾਰਾਂ ਦੀ ਕਿਸਮ ਦੇ ਆਧਾਰ ਉੱਤੇ ਪਰਵਾਸੀਆਂ ਦੀ ਜ਼ਿਲ੍ਹਾ-ਵਾਰ ਵੰਡ**

| ਚੁਣੇ ਹੋਏ ਜ਼ਿਲ੍ਹੇ | ਪਰਿਵਾਰਾਂ ਦੀ ਕਿਸਮ | | ਕੁੱਲ |
|---|---|---|---|
| | ਸਾਂਝੇ ਪਰਿਵਾਰ | ਇੱਕਹਿਰੇ ਪਰਿਵਾਰ | |
| ਅੰਮ੍ਰਿਤਸਰ | 62<br>(33.70) | 122<br>(66.30) | 184<br>(100.00) |
| ਬਰਨਾਲਾ | 46<br>(35.38) | 84<br>(64.62) | 130<br>(100.00) |
| ਬਠਿੰਡਾ | 41<br>(26.80) | 112<br>(73.20) | 153<br>(100.00) |
| ਫ਼ਿਰੋਜ਼ਪੁਰ | 16<br>(14.29) | 96<br>(85.71) | 112<br>(100.00) |
| ਗੁਰਦਾਸਪੁਰ | 10<br>(5.62) | 168<br>(94.38) | 178<br>(100.00) |
| ਹੁਸ਼ਿਆਰਪੁਰ | 46<br>(10.90) | 376<br>(89.10) | 422<br>(100.00) |
| ਜਲੰਧਰ | 120<br>(19.97) | 481<br>(80.03) | 601<br>(100.00) |
| ਲੁਧਿਆਣਾ | 90<br>(23.14) | 299<br>(76.86) | 389<br>(100.00) |
| ਮੋਗਾ | 33<br>(15.71) | 177<br>(84.29) | 210<br>(100.00) |
| ਪਟਿਆਲਾ | 55<br>(40.44) | 81<br>(59.56) | 136<br>(100.00) |
| ਸੰਗਰੂਰ | 70<br>(34.65) | 132<br>(65.35) | 202<br>(100.00) |

| | | | |
|---|---|---|---|
| ਸ੍ਰੀ ਮੁਕਤਸਰ ਸਾਹਿਬ | 38 (53.52) | 33 (46.48) | 71 (100.00) |

**ਸਰੋਤ:** ਫੀਲਡ ਸਰਵੇਖਣ, 2022
**ਨੋਟ:** ਬਰੈਕਟਾਂ ਵਿੱਚ ਦਿੱਤੇ ਗਏ ਅੰਕੜੇ ਪ੍ਰਤਿਸ਼ਤਤਾ ਨੂੰ ਦਰਸਾਉਂਦੇ ਹਨ।

ਸਿੱਖਿਆ ਅਤੇ ਪਰਵਾਸ ਦਾ ਇੱਕ ਦੂਜੇ ਨਾਲ਼ ਇੱਕ ਮਜ਼ਬੂਤ ਰਿਸ਼ਤਾ ਹੈ ਕਿਉਂਕਿ ਬਿਹਤਰ ਪੜ੍ਹੇ-ਲਿਖੇ ਵਿਅਕਤੀਆਂ ਦੇ ਪਰਵਾਸ ਵਾਲ਼ੀ ਜਗ੍ਹਾ ਦੇ ਸਮਾਜਿਕ-ਆਰਥਿਕ ਵਾਤਾਵਰਨ ਵਿੱਚ ਲੀਨ ਹੋਣ ਦੀ ਵਧੇਰੇ ਸੰਭਾਵਨਾ ਹੁੰਦੀ ਹੈ (ਬ੍ਰਾਊਨ, 2017)। ਉੱਚ ਸਿੱਖਿਆ ਪ੍ਰਾਪਤ ਲੋਕਾਂ ਦੇ ਪਰਵਾਸ ਨੂੰ ਅਕਸਰ 'ਬੌਧਿਕ ਹੂੰਝਾ' ਕਿਹਾ ਜਾਂਦਾ ਹੈ ਕਿਉਂਕਿ ਪਰਵਾਸੀ ਵਧੀਆ ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ ਵਿਦੇਸਾਂ ਵਿੱਚ ਚਲੇ ਜਾਂਦੇ ਹਨ ਅਤੇ ਆਪਣੀਆਂ ਸੇਵਾਵਾਂ ਵਿਦੇਸਾਂ ਵਿੱਚ ਦਿੰਦੇ ਹਨ। ਅਮਰੀਕਾ, ਕੈਨੇਡਾ, ਆਸਟ੍ਰੇਲੀਆ, ਜਰਮਨੀ, ਫਰਾਂਸ, ਜਾਪਾਨ, ਅਤੇ ਯੂ.ਕੇ. ਵਰਗੇ ਵਿਕਸਤ ਦੇਸਾਂ ਵਿੱਚ 'ਬੌਧਿਕ ਹੂੰਝਾ' ਸ਼੍ਰੇਣੀ ਦੇ ਪਰਵਾਸ ਦੇ ਸੰਬੰਧ ਵਿੱਚ ਅੱਜਕੱਲ੍ਹ ਭਾਰਤ ਲਗਭਗ ਸਿਖਰ ਉੱਤੇ ਹੈ (ਖਦਰੀਆ, 2002)। ਸਾਰਨੀ 4 ਵਿੱਚ ਵਿਦੇਸ ਜਾਣ ਤੋਂ ਪਹਿਲਾਂ ਪਰਵਾਸੀਆਂ ਦੀ ਵਿੱਦਿਅਕ ਯੋਗਤਾ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ। ਇਹ ਸਾਰਨੀ ਦਰਸਾਉਂਦੀ ਹੈ ਕਿ ਜ਼ਿਆਦਾਤਰ ਵਿਅਕਤੀ ਸੀਨੀਅਰ ਸੈਕੰਡਰੀ ਪੱਧਰ ਦੀ ਸਿੱਖਿਆ ਹਾਸਲ ਕਰਨ ਤੋਂ ਬਾਅਦ ਹੀ ਵਿਦੇਸਾਂ ਨੂੰ ਚਲੇ ਗਏ। ਅਜਿਹੇ ਪਰਵਾਸੀਆਂ ਦੀ ਪ੍ਰਤਿਸ਼ਤਤਾ ਸ੍ਰੀ ਮੁਕਤਸਰ ਸਾਹਿਬ (98.59), ਗੁਰਦਾਸਪੁਰ (76.97) ਅਤੇ ਮੋਗਾ (74.29) ਜ਼ਿਲ੍ਹਿਆਂ ਵਿੱਚ ਮੁਕਾਬਲਤਨ ਵੱਧ ਪਾਈ ਗਈ। ਬਠਿੰਡਾ (39.87 ਪ੍ਰਤਿਸ਼ਤ), ਬਰਨਾਲਾ (28.46 ਪ੍ਰਤਿਸ਼ਤ), ਪਟਿਆਲਾ (25.74 ਪ੍ਰਤਿਸ਼ਤ), ਅਤੇ ਸੰਗਰੂਰ (21.29 ਪ੍ਰਤਿਸ਼ਤ) ਜ਼ਿਲ੍ਹਿਆਂ ਵਿੱਚ ਪਰਵਾਸ ਦੇ ਸਮੇਂ ਪਰਵਾਸੀਆਂ ਦਾ ਇੱਕ ਮਹੱਤਵਪੂਰਨ ਅਨੁਪਾਤ ਗ੍ਰੈਜੂਏਟ ਸੀ।

**ਸਾਰਨੀ 4: ਵਿਦਿਅਕ ਯੋਗਤਾ ਦੇ ਆਧਾਰ ਉੱਤੇ ਪਰਵਾਸੀਆਂ ਦੀ ਜ਼ਿਲ੍ਹਾ-ਵਾਰ ਵੰਡ**

| ਚੁਣੇ ਹੋਏ ਜ਼ਿਲ੍ਹੇ | ਵਿਦਿਅਕ ਯੋਗਤਾ | | | | | | | | | ਕੁੱਲ |
|---|---|---|---|---|---|---|---|---|---|---|
| | ਅਨਪੜ੍ਹ | ਪ੍ਰਾਇਮਰੀ | ਮਿਡਲ | ਮੈਟ੍ਰਿਕ | ਸੀਨੀਅਰ ਸੈਕੰਡਰੀ | ਡਿਪਲੋਮਾ | ਗ੍ਰੈਜੂਏਸ਼ਨ | ਪੋਸਟ-ਗ੍ਰੈਜੂਏਸ਼ਨ | ਨਰਸਿੰਗ/ਜੀ.ਐੱਨ.ਐੱਮ./ ਬੀ.ਡੀ.ਐੱਸ. | |
| ਅੰਮ੍ਰਿਤਸਰ | 0 (0.00) | 0 (0.00) | 0 (0.00) | 9 (4.89) | 117 (63.59) | 24 (13.04) | 34 (18.48) | 0 (0.00) | 0 (0.00) | 184 (100.00) |
| ਬਰਨਾਲਾ | 5 (3.85) | 4 (3.08) | 6 (4.62) | 14 (10.77) | 47 (36.15) | 5 (3.85) | 37 (28.46) | 8 (6.15) | 4 (3.07) | 130 (100.00) |
| ਬਠਿੰਡਾ | 0 (0.00) | 3 (1.96) | 4 (2.61) | 12 (7.84) | 62 (40.52) | 0 (0.00) | 61 (39.87) | 10 (6.54) | 1 (0.66) | 153 (100.00) |
| ਫ਼ਿਰੋਜ਼ਪੁਰ | 0 (0.00) | 0 (0.00) | 0 (0.00) | 7 (6.25) | 76 (67.86) | 0 (0.00) | 22 (19.64) | 5 (4.46) | 2 (1.79) | 112 (100.00) |
| ਗੁਰਦਾਸਪੁਰ | 0 (0.00) | 0 (0.00) | 0 (0.00) | 2 (1.12) | 137 (76.97) | 5 (2.81) | 26 (14.61) | 8 (4.49) | 0 (0.00) | 178 (100.00) |
| ਹੁਸ਼ਿਆਰਪੁਰ | 2 (0.47) | 8 (1.90) | 13 (3.08) | 43 (10.19) | 283 (67.06) | 0 (0.00) | 50 (11.85) | 22 (5.21) | 1 (0.24) | 422 (100.00) |
| ਜਲੰਧਰ | 4 (0.67) | 14 (2.33) | 12 (2.00) | 114 (18.97) | 393 (65.39) | 1 (0.16) | 57 (9.48) | 6 (1.00) | 0 (0.00) | 601 (100.00) |
| ਲੁਧਿਆਣਾ | 6 (1.54) | 6 (1.54) | 8 (2.06) | 47 (12.08) | 258 (66.32) | 1 (0.26) | 39 (10.03) | 21 (5.40) | 3 (0.77) | 389 (100.00) |

| | | | | | | | | | | |
|---|---|---|---|---|---|---|---|---|---|---|
| ਮੋਗਾ | 5 (2.38) | 7 (3.33) | 8 (3.81) | 13 (6.19) | 156 (74.29) | 2 (0.95) | 14 (6.67) | 4 (1.90) | 1 (0.48) | 210 (100.00) |
| ਪਟਿਆਲਾ | 0 (0.00) | 3 (2.21) | 3 (2.21) | 10 (7.35) | 70 (51.47) | 2 (1.46) | 35 (25.74) | 13 (9.56) | 0 (0.00) | 136 (100.00) |
| ਸੰਗਰੂਰ | 0 (0.00) | 5 (2.48) | 7 (3.47) | 20 (9.90) | 11 (57.92) | 2 (0.98) | 43 (21.29) | 8 (3.96) | 0 (0.00) | 202 (100.00) |
| ਸ੍ਰੀ ਮੁਕਤਸਰ ਸਾਹਿਬ | 0 (0.00) | 0 (0.00) | 0 (0.00) | 1 (1.41) | 70 (98.59) | 0 (0.00) | 0 (0.00) | 0 (0.00) | 0 (0.00) | 71 (100.00) |

**ਸਰੋਤ:** ਫੀਲਡ ਸਰਵੇਖਣ, 2022
**ਨੋਟ:** ਬਰੈਕਟਾਂ ਵਿੱਚ ਦਿੱਤੇ ਗਏ ਅੰਕੜੇ ਪ੍ਰਤਿਸ਼ਤਤਾ ਨੂੰ ਦਰਸਾਉਂਦੇ ਹਨ।

ਸਾਰਨੀ 4 ਇਹ ਵੀ ਦਰਸਉਂਦੀ ਹੈ ਕਿ ਪੋਸਟ-ਗ੍ਰੈਜੂਏਟ ਦੀ ਯੋਗਤਾ ਵਾਲ਼ੇ ਕੁਝ ਵਿਅਕਤੀ ਬਰਨਾਲਾ, ਬਠਿੰਡਾ, ਫ਼ਿਰੋਜ਼ਪੁਰ, ਗੁਰਦਾਸਪੁਰ, ਹੁਸ਼ਿਆਰਪੁਰ, ਜਲੰਧਰ, ਲੁਧਿਆਣਾ, ਮੋਗਾ, ਪਟਿਆਲਾ, ਅਤੇ ਸੰਗਰੂਰ ਜ਼ਿਲ੍ਹਿਆਂ ਵਿੱਚੋਂ ਵਿਦੇਸਾਂ ਵਿੱਚ ਚਲੇ ਗਏ। ਇਹ ਵਿਸ਼ਲੇਸ਼ਣ ਸਪੱਸ਼ਟ ਤੌਰ ਉੱਤੇ ਉਜਾਗਰ ਕਰਦਾ ਹੈ ਕਿ ਉੱਚ ਵਿੱਦਿਅਕ ਯੋਗਤਾ ਵਾਲ਼ੇ ਲੋਕ ਵੀ ਵਿਦੇਸਾਂ ਵਿੱਚ ਵੱਸਣ ਨੂੰ ਇੱਕ ਬਿਹਤਰ ਵਿਕਲਪ ਸਮਝਦੇ ਹਨ। ਇਹ ਸਾਰਨੀ ਅੱਗੇ ਦਰਸਉਂਦੀ ਹੈ ਕਿ ਬਰਨਾਲਾ, ਬਠਿੰਡਾ, ਫ਼ਿਰੋਜ਼ਪੁਰ, ਹੁਸ਼ਿਆਰਪੁਰ, ਲੁਧਿਆਣਾ ਅਤੇ ਮੋਗਾ ਜ਼ਿਲ੍ਹਿਆਂ ਦੇ ਬਹੁਤ ਥੋੜ੍ਹੇ ਜਿਹੇ ਅਨੁਪਾਤ ਕੋਲ਼ ਪਰਵਾਸ ਦੇ ਸਮੇਂ ਨਰਸਿੰਗ/ਜੀ.ਐੱਨ.ਐੱਮ./ਬੀ.ਡੀ.ਐੱਸ. ਦਾ ਡਿਪਲੋਮਾ ਜਾਂ ਡਿਗਰੀ ਸੀ।

ਸਾਰਨੀ 5 ਸੂਬੇ ਦੇ ਸਾਰੇ ਚੁਣੇ ਗਏ ਜ਼ਿਲ੍ਹਿਆਂ ਵਿੱਚ ਪਰਵਾਸੀਆਂ ਦੇ ਵਿਦੇਸਾਂ ਵਿੱਚ ਪਰਵਾਸ ਦੇ ਸਮੇਂ ਦੀ ਉਮਰ ਦੇ ਅੰਕੜੇ ਪੇਸ਼ ਕਰਦੀ ਹੈ। ਇਹ ਸਾਰਨੀ ਦਰਸਾਉਂਦੀ ਹੈ ਕਿ ਪਰਵਾਸੀਆਂ ਦਾ ਵੱਧ ਤੋਂ ਵੱਧ ਅਨੁਪਾਤ ਪਰਵਾਸ ਦੇ ਸਮੇਂ 15 ਤੋਂ 20 ਸਾਲ ਦੀ ਉਮਰ ਸਮੂਹ ਨਾਲ਼ ਸੰਬੰਧਿਤ ਸੀ, ਇਸ ਤੋਂ ਬਾਅਦ ਲਗਭਗ ਸਾਰੇ ਚੁਣੇ ਗਏ ਜ਼ਿਲ੍ਹਿਆਂ ਵਿੱਚ 20 ਤੋਂ 25, ਅਤੇ 25 ਤੋਂ 30 ਸਾਲ ਦੇ ਉਮਰ ਸਮੂਹ ਦਾ ਕ੍ਰਮ ਪਾਇਆ ਗਿਆ। ਮੋਟੇ ਤੌਰ ਉੱਤੇ, ਚੁਣੇ ਗਏ ਸਾਰੇ ਜ਼ਿਲ੍ਹਿਆਂ ਵਿੱਚ ਕੁੱਲ ਪਰਵਾਸੀਆਂ ਦਾ ਲਗਭਗ 80 ਪ੍ਰਤਿਸ਼ਤ ਹਿੱਸਾ 15 ਤੋਂ 30 ਸਾਲ ਦੇ ਉਮਰ ਸਮੂਹ ਨਾਲ਼ ਸੰਬੰਧਿਤ ਸੀ।ਜਨਸੰਖਿਕ ਲਾਭਅੰਸ਼ ਆਰਥਿਕ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਇਹ ਨਤੀਜਾ ਇਸ ਧਾਰਨਾ ਦੀ ਪ੍ਰੋੜਤਾ ਕਰਦਾ ਹੈ ਕਿ ਆਮ ਤੌਰ ਉੱਤੇ ਪਰਵਾਸ ਅਤੇ ਖ਼ਾਸ ਤੌਰ ਉੱਤੇ ਕੌਮਾਂਤਰੀ ਪਰਵਾਸ ਇੱਕ ਨੌਜਵਾਨ-ਕੇਂਦਰਿਤ ਵਰਤਾਰਾ ਹੈ। 15 ਤੋਂ 30 ਸਾਲ ਦੀ ਉਮਰ ਵਰਗ ਦੇ ਵਿਅਕਤੀਆਂ ਦਾ ਵਿਦੇਸਾਂ ਵਿੱਚ ਪਰਵਾਸ ਪੰਜਾਬ ਸਮੇਤ ਭਾਰਤ ਨੂੰ ਜਨਸੰਖਿਕ ਲਾਭਅੰਸ਼ ਦੇ ਹੋ ਰਹੇ ਬਹੁਤ ਵੱਡੇ ਨੁਕਸਾਨ ਵੱਲ ਇਸ਼ਾਰਾ ਕਰਦਾ ਹੈ।

**ਸਾਰਨੀ 5: ਪਰਵਾਸ ਸਮੇਂ ਉਮਰ ਦੇ ਆਧਾਰ ਉੱਤੇ ਪਰਵਾਸੀਆਂ ਦੀ ਜ਼ਿਲ੍ਹਾ-ਵਾਰ ਵੰਡ**

| ਚੁਣੇ ਹੋਏ ਜ਼ਿਲ੍ਹੇ | ਉਮਰ (ਸਾਲਾਂ ਵਿੱਚ) | | | | | | | | |
|---|---|---|---|---|---|---|---|---|---|
| | 15 ਤੋਂ ਘੱਟ | 15-20 | 20-25 | 25-30 | 30-35 | 35-40 | 40-45 | 45 ਜਾਂ ਵੱਧ | ਕੁੱਲ |
| ਅੰਮ੍ਰਿਤਸਰ | 0 (0.00) | 113 (61.41) | 31 (16.85) | 10 (5.43) | 2 (1.09) | 19 (10.33) | 5 (2.72) | 4 (2.17) | 184 (100.00) |
| ਬਰਨਾਲਾ | 1 (0.77) | 40 (30.77) | 30 (23.08) | 32 (24.62) | 11 (8.46) | 7 (5.38) | 3 (2.30) | 6 (4.62) | 130 (100.00) |
| ਬਠਿੰਡਾ | 0 (0.00) | 67 (43.79) | 42 (27.45) | 34 (22.22) | 5 (3.27) | 3 (1.96) | 2 (1.31) | 0 (0.00) | 153 (100.00) |
| ਫ਼ਿਰੋਜ਼ਪੁਰ | 0 (0.00) | 47 (41.96) | 37 (33.04) | 23 (20.54) | 3 (2.68) | 0 (0.00) | 1 (0.89) | 1 (0.89) | 112 (100.00) |
| ਗੁਰਦਾਸਪੁਰ | 1 | 125 | 32 | 7 | 3 | 3 | 3 | 4 | 178 (100.00) |

| | | | | | | | | | |
|---|---|---|---|---|---|---|---|---|---|
| | (0.56) | (70.22) | (17.97) | (3.93) | (1.69) | (1.69) | (1.69) | (2.25) | |
| ਹੁਸ਼ਿਆਰਪੁਰ | 0 (0.00) | 151 (35.79) | 104 (24.64) | 78 (18.48) | 42 (9.95) | 24 (5.69) | 11 (2.61) | 12 (2.84) | 422 (100.00) |
| ਜਲੰਧਰ | 0 (0.00) | 202 (33.61) | 186 (30.94) | 113 (18.80) | 44 (7.32) | 26 (4.33) | 12 (2.00) | 18 (3.00) | 601 (100.00) |
| ਲੁਧਿਆਣਾ | 2 (0.51) | 126 (32.39) | 97 (24.94) | 84 (21.59) | 36 (9.25) | 19 (4.89) | 7 (1.80) | 18 (4.63) | 389 (100.00) |
| ਮੋਗਾ | 0 (0.00) | 72 (34.29) | 43 (20.48) | 57 (27.14) | 19 (9.05) | 5 (2.38) | 4 (1.90) | 10 (4.76) | 210 (100.00) |
| ਪਟਿਆਲਾ | 2 (1.47) | 46 (33.82) | 41 (30.15) | 26 (19.11) | 10 (7.35) | 7 (5.15) | 3 (2.21) | 1 (0.74) | 136 (100.00) |
| ਸੰਗਰੂਰ | 1 (0.50) | 71 (35.15) | 71 (35.15) | 44 (21.77) | 8 (3.96) | 2 (0.99) | 2 (0.99) | 3 (1.49) | 202 (100.00) |
| ਸ੍ਰੀ ਮੁਕਤਸਰ ਸਾਹਿਬ | 0 (0.00) | 42 (59.15) | 20 (28.17) | 4 (5.63) | 4 (5.63) | 1 (1.42) | 0 (0.00) | 0 (0.00) | 71 (100.00) |

**ਸਰੋਤ**: ਫੀਲਡ ਸਰਵੇਖਣ, 2022
**ਨੋਟ**: ਬਰੈਕਟਾਂ ਵਿੱਚ ਦਿੱਤੇ ਗਏ ਅੰਕੜੇ ਪ੍ਰਤਿਸ਼ਤਤਾ ਨੂੰ ਦਰਸਾਉਂਦੇ ਹਨ।

ਮੌਜੂਦਾ ਅਧਿਐਨ ਦਾ ਇਹ ਖੋਜ ਨਤੀਜਾ ਸਮਿਤਾ ਬਹਿਲ (2017) ਦੁਆਰਾ ਕੀਤੇ ਗਏ ਇੱਕ ਹੋਰ ਖੋਜ ਅਧਿਐਨ ਨਾਲ਼ ਮੇਲ ਖਾਂਦਾ ਹੈ ਜਿਸ ਤੋਂ ਪਤਾ ਲੱਗਿਆ ਹੈ ਕਿ ਪਰਵਾਸ ਦੇ ਸਮੇਂ ਲਗਭਗ 78 ਪ੍ਰਤਿਸ਼ਤ ਪਰਵਾਸੀ 30 ਸਾਲ ਜਾਂ ਇਸ ਤੋਂ ਘੱਟ ਉਮਰ ਦੇ ਸਨ। ਇੱਕ ਹੋਰ ਖੋਜ ਅਧਿਐਨ (ਜ਼ਾਇਸੇਵਾ, 2014) ਨੇ ਉਮਰ ਅਤੇ ਪਰਵਾਸ ਵਿਚਕਾਰ ਇੱਕ ਨਕਾਰਾਤਮਕ ਸੰਬੰਧ ਦਰਸਾਇਆ ਹੈ। ਛੋਟੀ ਉਮਰ ਵਿੱਚ ਨੌਜਵਾਨਾਂ ਦਾ ਵਿਦੇਸਾਂ ਵਿੱਚ ਪਰਵਾਸ ਕਰਨਾ ਇਹ ਦਰਸਾਉਂਦਾ ਹੈ ਕਿ ਇਹ ਨੌਜਵਾਨ ਕੌਮਾਂਤਰੀ ਬਾਜ਼ਾਰਾਂ ਵਿੱਚ ਲੰਮੇ ਸਮੇਂ ਲਈ ਕੰਮ ਕਰ ਸਕਦੇ ਹਨ। ਕੌਮਾਂਤਰੀ ਬਾਜ਼ਾਰ ਅਕੁਸ਼ਲ ਨੌਜਵਾਨਾਂ ਨੂੰ ਆਸਾਨੀ ਨਾਲ਼ ਨੌਕਰੀ ਦੇ ਮੌਕੇ ਪ੍ਰਦਾਨ ਕਰ ਕੇ ਬਹੁਤ ਵਾਰ ਉਹਨਾਂ ਦਾ ਸ਼ੋਸ਼ਣ ਕਰਦਾ ਹੈ। ਇਹ ਉਮਰ ਵਰਗ ਦੇਸ ਦੇ ਵਿਕਾਸ ਲਈ ਨਵੇਂ ਵਿਚਾਰਾਂ ਵਾਲ਼ਾ ਸਭ ਤੋਂ ਵੱਧ ਜੋਸ਼ੀਲਾ ਅਤੇ ਪ੍ਰਤਿਭਾਵਾਨ ਮੰਨਿਆ ਜਾਂਦਾ ਹੈ। ਇੱਕ ਹੋਰ ਅਧਿਐਨ ਵੀ ਇਸ ਤੱਥ ਨੂੰ ਉਜਾਗਰ ਕਰਦਾ ਹੈ ਕਿ ਨੌਜਵਾਨ ਪੀੜ੍ਹੀ ਦਾ ਪਰਵਾਸ ਮਨੁੱਖੀ ਸਰੋਤਾਂ ਦਾ ਇੱਕ ਵੱਡਾ ਨੁਕਸਾਨ ਹੈ, ਜਿਸ ਦਾ ਸਿੱਧਾ ਲਾਭ ਉਹਨਾਂ ਦੇਸਾਂ ਨੂੰ ਹੁੰਦਾ ਹੈ ਜਿਹਨਾਂ ਨੇ ਉਹਨਾਂ ਨੂੰ ਸਿੱਖਿਅਤ ਕਰਨ ਦੀ ਕੀਮਤ ਨਹੀਂ ਦਿੱਤੀ ਹੁੰਦੀ। ਕਿਸੇ ਵੀ ਦੇਸ ਦੇ ਨੌਜਵਾਨ ਸਭ ਤੋਂ ਮੁੱਲਵਾਨ ਸਰੋਤ ਹੁੰਦੇ ਹਨ ਕਿਉਂਕਿ ਉਹਨਾਂ ਦੀ ਪੜ੍ਹਾਈ ਅਤੇ ਸਿਖਲਾਈ ਉੱਤੇ ਸਮਾਂ ਅਤੇ ਹੋਰ ਪਦਾਰਥਕ ਲਾਗਤ ਪੈਂਦੀ ਹੈ, ਪਰ ਰੁਜ਼ਗਾਰ ਦੇ ਮੌਕਿਆਂ ਦੀ ਘਾਟ ਕਾਰਨ ਉਹਨਾਂ ਨੂੰ ਵਿਦੇਸ ਜਾਣਾ ਪੈਂਦਾ ਹੈ (ਦੋਦਾਨੀ ਅਤੇ ਲੈਪੋਰਟੇ, 2005)।

ਕੌਮਾਂਤਰੀ ਪਰਵਾਸ ਨੌਜਵਾਨ-ਕੇਂਦ੍ਰਿਤ ਹੋਣ ਦੇ ਨਾਲ਼ ਨਾਲ਼ ਪੁਰਸ਼-ਪ੍ਰਧਾਨ ਵਰਤਾਰਾ ਵੀ ਹੈ। ਸਾਰਨੀ 6 ਸਪੱਸ਼ਟ ਰੂਪ ਵਿੱਚ ਦਰਸਾਉਂਦੀ ਹੈ ਕਿ ਚੁਣੇ ਗਏ ਸਾਰੇ ਜ਼ਿਲ੍ਹਿਆਂ ਵਿੱਚ ਜ਼ਿਆਦਾਤਰ ਪਰਵਾਸੀ ਪੁਰਸ਼ ਸਨ। ਸਭ ਤੋਂ ਵੱਧ ਪੁਰਸ਼ ਪਰਵਾਸੀਆਂ ਦੀ ਪ੍ਰਤਿਸ਼ਤਤਾ ਅੰਮ੍ਰਿਤਸਰ (90.76) ਜ਼ਿਲੇ ਵਿੱਚ ਪਾਈ ਗਈ, ਇਸ ਤੋਂ ਬਾਅਦ ਜਲੰਧਰ (88.52), ਹੁਸ਼ਿਆਰਪੁਰ (88.39), ਗੁਰਦਾਸਪੁਰ (80.34), ਫ਼ਿਰੋਜ਼ਪੁਰ (72.32), ਮੋਗਾ (70.00), ਪਟਿਆਲਾ (69.12), ਸੰਗਰੂਰ (67.82), ਸ੍ਰੀ ਮੁਕਤਸਰ ਸਾਹਿਬ (67.61), ਲੁਧਿਆਣਾ (66.58), ਬਰਨਾਲਾ (62.31) ਅਤੇ ਬਠਿੰਡਾ (62.09) ਜ਼ਿਲ੍ਹਿਆਂ ਦਾ ਕ੍ਰਮ ਹੈ। ਇਹ ਦਰਸਾਉਂਦਾ ਹੈ ਕਿ ਬਰਨਾਲਾ ਅਤੇ ਬਠਿੰਡਾ ਜ਼ਿਲ੍ਹਿਆਂ ਨੂੰ ਛੱਡ ਕੇ ਬਾਕੀ ਦੇ ਚੁਣੇ ਗਏ ਜ਼ਿਲ੍ਹਿਆਂ ਵਿੱਚ ਔਰਤ ਪਰਵਾਸੀ ਇੱਕ-ਤਿਹਾਈ ਤੋਂ ਘੱਟ ਸਨ।

ਸਾਰਨੀ 6: ਪਰਵਾਸੀਆਂ ਦੀ ਲਿੰਗ ਅਧਾਰਿਤ ਜ਼ਿਲ੍ਹਾ-ਵਾਰ ਵੰਡ

| ਚੁਣੇ ਹੋਏ ਜ਼ਿਲ੍ਹੇ | ਲਿੰਗ ਅਧਾਰਿਤ ਵੰਡ | | ਕੁੱਲ |
|---|---|---|---|
| | ਮਰਦ | ਔਰਤ | |
| ਅੰਮ੍ਰਿਤਸਰ | 167 (90.76) | 17 (9.24) | 184 (100.00) |
| ਬਰਨਾਲਾ | 81 (62.31) | 49 (37.69) | 130 (100.00) |
| ਬਠਿੰਡਾ | 95 (62.09) | 58 (37.91) | 153 (100.00) |
| ਫ਼ਿਰੋਜ਼ਪੁਰ | 81 (72.32) | 31 (27.68) | 112 (100.00) |
| ਗੁਰਦਾਸਪੁਰ | 143 (80.34) | 35 (19.66) | 178 (100.00) |
| ਹੁਸ਼ਿਆਰਪੁਰ | 373 (88.39) | 49 (11.61) | 422 (100.00) |
| ਜਲੰਧਰ | 532 (88.52) | 69 (11.48) | 601 (100.00) |
| ਲੁਧਿਆਣਾ | 259 (66.58) | 130 (33.42) | 389 (100.00) |
| ਮੋਗਾ | 147 (70.00) | 63 (30.00) | 210 (100.00) |
| ਪਟਿਆਲਾ | 94 (69.12) | 42 (30.88) | 136 (100.00) |
| ਸੰਗਰੂਰ | 137 (67.82) | 65 (32.18) | 202 (100.00) |
| ਸ੍ਰੀ ਮੁਕਤਸਰ ਸਾਹਿਬ | 48 (67.61) | 23 (32.39) | 71 (100.00) |

**ਸਰੋਤ:** ਫੀਲਡ ਸਰਵੇਖਣ, 2022
**ਨੋਟ:** ਬਰੈਕਟਾਂ ਵਿੱਚ ਦਿੱਤੇ ਗਏ ਅੰਕੜੇ ਪ੍ਰਤਿਸ਼ਤਤਾ ਨੂੰ ਦਰਸਾਉਂਦੇ ਹਨ।

ਚੁਣੇ ਗਏ ਵੱਖ ਵੱਖ ਜ਼ਿਲ੍ਹਿਆਂ ਵਿੱਚ ਪਰਵਾਸੀ ਪਰਿਵਾਰਾਂ ਦੀਆਂ ਜ਼ਮੀਨਾਂ ਦੇ ਵੇਰਵੇ ਸਾਰਨੀ 7 ਵਿੱਚ ਦਿੱਤੇ ਗਏ ਹਨ। ਇਹ ਸਾਰਨੀ ਦਰਸਾਉਂਦੀ ਹੈ ਕਿ ਅੰਮ੍ਰਿਤਸਰ (30.98 ਪ੍ਰਤਿਸ਼ਤ), ਬਰਨਾਲਾ (24.62 ਪ੍ਰਤਿਸ਼ਤ), ਬਠਿੰਡਾ (31.37 ਪ੍ਰਤਿਸ਼ਤ), ਹੁਸ਼ਿਆਰਪੁਰ (29.62 ਪ੍ਰਤਿਸ਼ਤ), ਜਲੰਧਰ (33.94 ਪ੍ਰਤਿਸ਼ਤ), ਲੁਧਿਆਣਾ (35.22 ਪ੍ਰਤਿਸ਼ਤ), ਅਤੇ ਮੋਗਾ (24.29 ਪ੍ਰਤਿਸ਼ਤ) ਜ਼ਿਲ੍ਹਿਆਂ ਵਿੱਚ ਜ਼ਿਆਦਾਤਰ ਪਰਵਾਸੀਆਂ ਕੋਲ 2.51 ਤੋਂ 5.00 ਏਕੜ ਦੇ ਵਿਚਕਾਰ ਜ਼ਮੀਨੀ ਜਾਇਦਾਦ ਸੀ। ਹਾਲਾਂ ਕਿ, ਫ਼ਿਰੋਜ਼ਪੁਰ ਅਤੇ ਪਟਿਆਲਾ ਜ਼ਿਲ੍ਹਿਆਂ ਵਿੱਚ ਜ਼ਿਆਦਾਤਰ ਪਰਿਵਾਰਾਂ ਅਰਥਾਤ ਕ੍ਰਮਵਾਰ 31.24 ਅਤੇ 27.94 ਪ੍ਰਤਿਸ਼ਤ ਕੋਲ 10 ਏਕੜ ਤੋਂ ਵੱਧ ਜ਼ਮੀਨ ਸੀ। ਸੰਗਰੂਰ ਜ਼ਿਲ੍ਹਾ ਵਿੱਚ ਸਭ ਤੋਂ ਵੱਧ 20.79 ਪ੍ਰਤਿਸ਼ਤ ਪਰਿਵਾਰਾਂ ਕੋਲ 2.50 ਏਕੜ ਤੱਕ ਜ਼ਮੀਨ ਸੀ। ਸ੍ਰੀ ਮੁਕਤਸਰ ਸਾਹਿਬ ਜ਼ਿਲੇ ਵਿੱਚ ਪਰਿਵਾਰਾਂ ਦੇ ਸਭ ਤੋਂ ਵੱਧ ਅਨੁਪਾਤ ਭਾਵ 29.58 ਪ੍ਰਤਿਸ਼ਤ ਕੋਲ 2.51 ਤੋਂ 5.00 ਏਕੜ ਦੇ ਵਿਚਕਾਰ ਜ਼ਮੀਨ ਸੀ, ਅਤੇ ਪਰਿਵਾਰਾਂ ਦੇ ਬਿਲਕੁਲ ਉਸੇ ਅਨੁਪਾਤ ਭਾਵ 29.58 ਪ੍ਰਤਿਸ਼ਤ ਕੋਲ 7.51 ਤੋਂ 10.00 ਏਕੜ ਦੇ ਵਿਚਕਾਰ ਜ਼ਮੀਨ ਸੀ। ਇਸ ਤੋਂ ਇਲਾਵਾ, ਗੁਰਦਾਸਪੁਰ ਜ਼ਿਲ੍ਹਾ ਵਿੱਚ ਪਰਿਵਾਰਾਂ ਦਾ ਸਭ ਤੋਂ ਵੱਧ ਅਨੁਪਾਤ ਭਾਵ 37.08 ਪ੍ਰਤਿਸ਼ਤ ਬੇਜ਼ਮੀਨੇ ਸਨ।

ਸਾਰਨੀ 7: ਜੋਤਾਂ ਦੇ ਅਕਾਰ ਦੇ ਆਧਾਰ ਉੱਤੇ ਪਰਵਾਸੀਆਂ ਦੀ ਜ਼ਿਲ੍ਹਾ-ਵਾਰ ਵੰਡ

| ਚੁਣੇ ਹੋਏ ਜ਼ਿਲ੍ਹੇ | ਜੋਤਾਂ ਦਾ ਅਕਾਰ (ਏਕੜਾਂ ਵਿੱਚ) | | | | | | ਕੁੱਲ |
|---|---|---|---|---|---|---|---|
| | ਭੂਮੀਹੀਣ | 2.50 ਤੱਕ | 2.51-5.00 | 5.01-7.50 | 7.51-10.00 | 10.00 ਤੋਂ | |

| | | | | | | ਵੱਧ | |
|---|---|---|---|---|---|---|---|
| ਅੰਮ੍ਰਿਤਸਰ | 55 (29.89) | 55 (29.89) | 57 (30.98) | 7 (3.80) | 6 (3.26) | 4 (2.18) | **184 (100.00)** |
| ਬਰਨਾਲਾ | 25 (19.23) | 21 (16.15) | 32 (24.62) | 12 (9.23) | 18 (13.85) | 22 (16.92) | **130 (100.00)** |
| ਬਠਿੰਡਾ | 19 (12.42) | 25 (16.34) | 48 (31.37) | 25 (16.34) | 19 (12.42) | 17 (11.11) | **153 (100.00)** |
| ਫ਼ਿਰੋਜ਼ਪੁਰ | 17 (15.18) | 7 (6.25) | 13 (11.61) | 17 (15.18) | 23 (20.54) | 35 (31.24) | **112 (100.00)** |
| ਗੁਰਦਾਸਪੁਰ | 66 (37.08) | 55 (30.90) | 40 (22.47) | 5 (2.81) | 7 (3.93) | 5 (2.81) | **178 (100.00)** |
| ਹੁਸ਼ਿਆਰਪੁਰ | 106 (25.12) | 91 (21.56) | 125 (29.62) | 47 (11.14) | 31 (7.35) | 22 (5.21) | **422 (100.00)** |
| ਜਲੰਧਰ | 163 (27.12) | 101 (16.81) | 204 (33.94) | 50 (8.32) | 48 (7.99) | 35 (5.82) | **601 (100.00)** |
| ਲੁਧਿਆਣਾ | 61 (15.68) | 62 (15.94) | 137 (35.22) | 33 (8.48) | 37 (9.51) | 59 (15.17) | **389 (100.00)** |
| ਮੋਗਾ | 49 (23.33) | 24 (11.43) | 51 (24.29) | 7 (3.33) | 47 (22.38) | 32 (15.24) | **210 (100.00)** |
| ਪਟਿਆਲਾ | 14 (10.29) | 17 (12.50) | 35 (25.74) | 5 (3.68) | 27 (19.85) | 38 (27.94) | **136 (100.00)** |
| ਸੰਗਰੂਰ | 28 (13.86) | 42 (20.79) | 41 (20.30) | 31 (15.35) | 22 (10.89) | 38 (18.81) | **202 (100.00)** |
| ਸ੍ਰੀ ਮੁਕਤਸਰ ਸਾਹਿਬ | 2 (2.82) | 1 (1.41) | 21 (29.58) | 11 (15.49) | 21 (29.58) | 15 (21.12) | **71 (100.00)** |

**ਸਰੋਤ:** ਫੀਲਡ ਸਰਵੇਖਣ, 2022
**ਨੋਟ:** ਬਰੈਕਟਾਂ ਵਿੱਚ ਦਿੱਤੇ ਗਏ ਅੰਕੜੇ ਪ੍ਰਤਿਸ਼ਤਤਾ ਨੂੰ ਦਰਸਾਉਂਦੇ ਹਨ।

ਸਾਰਨੀ 8 ਪੰਜਾਬ ਦੇ ਚੁਣੇ ਗਏ ਜ਼ਿਲ੍ਹਿਆਂ ਵਿੱਚੋਂ ਕੌਮਾਂਤਰੀ ਪਰਵਾਸੀਆਂ ਦੇ ਮੰਜ਼ਿਲ ਵਾਲ਼ੇ ਦੇਸਾਂ ਬਾਰੇ ਜਾਣਕਾਰੀ ਦਿੰਦੀ ਹੈ। ਇਸ ਸਾਰਨੀ ਤੋਂ ਪਤਾ ਲੱਗਦਾ ਹੈ ਕਿ ਪੰਜਾਬ ਦੇ ਚੁਣੇ ਗਏ ਲਗਭਗ ਸਾਰੇ ਜ਼ਿਲ੍ਹਿਆਂ ਵਿੱਚ ਮੰਜ਼ਿਲ ਵਾਲ਼ੇ ਦੇਸਾਂ ਦੀ ਸੂਚੀ ਬਹੁਤ ਲੰਮੀ ਹੈ, ਪਰ ਸਭ ਤੋਂ ਜ਼ਿਆਦਾ ਤਰਜੀਹ ਵਾਲ਼ਾ ਦੇਸ ਕੈਨੇਡਾ ਹੈ ਅਤੇ ਇਸ ਤੋਂ ਬਾਅਦ ਅਸਟਰੇਲੀਆ, ਯੂ.ਏ.ਈ., ਯੂ.ਕੇ., ਯੂ.ਐੱਸ.ਏ., ਨਿਊਜ਼ੀਲੈਂਡ, ਇਟਲੀ, ਬਹਿਰੀਨ, ਕਤਰ, ਅਤੇ ਫਿਲੀਪੀਨਜ਼ ਦੇਸ ਹਨ। ਉਦਾਹਰਨ ਦੇ ਤੌਰ ਉੱਤੇ ਅੰਮ੍ਰਿਤਸਰ ਜ਼ਿਲ੍ਹਾ ਵਿੱਚ ਜ਼ਿਆਦਾਤਰ ਅਰਥਾਤ 36 ਵਿਅਕਤੀਆਂ ਨੇ ਕੈਨੇਡਾ ਨੂੰ ਮੰਜ਼ਿਲ ਵਾਲ਼ੇ ਦੇਸ ਵਜੋਂ ਤਰਜੀਹ ਦਿੱਤੀ, ਜਿਸ ਤੋਂ ਬਾਅਦ 31, 25, 25, 20, 17, ਅਤੇ 14 ਵਿਅਕਤੀ ਕ੍ਰਮਵਾਰ ਅਸਟਰੇਲੀਆ, ਯੂ.ਕੇ., ਕਤਰ, ਬਹਿਰੀਨ, ਯੂ.ਐੱਸ.ਏ. ਅਤੇ ਯੂ.ਏ.ਈ. ਗਏ। ਬਰਨਾਲਾ ਜ਼ਿਲ੍ਹਾ ਵਿੱਚ ਵੀ ਸਭ ਤੋਂ ਜ਼ਿਆਦਾ ਤਰਜੀਹ ਵਾਲ਼ਾ ਦੇਸ ਕੈਨੇਡਾ ਪਾਇਆ ਗਿਆ ਜਿੱਥੇ 130 ਕੁੱਲ ਪਰਵਾਸੀਆਂ ਵਿੱਚੋਂ 84 ਨੇ ਪਰਵਾਸ ਕੀਤਾ। ਇਸੇ ਤਰ੍ਹਾਂ ਬਠਿੰਡਾ ਜ਼ਿਲ੍ਹਾ ਵਿੱਚ ਕੌਮਾਂਤਰੀ ਪਰਵਾਸੀਆਂ ਲਈ ਪੰਸਦੀਦਾ ਦੇਸ ਕੈਨੇਡਾ (86), ਅਸਟਰੇਲੀਆ (24), ਅਤੇ ਯੂ.ਏ.ਈ. (20) ਸਨ। ਫ਼ਿਰੋਜ਼ਪੁਰ ਜ਼ਿਲ੍ਹਾ ਵਿੱਚ ਜ਼ਿਆਦਾਤਰ ਪਰਵਾਸੀਆਂ ਨੇ ਕੈਨੇਡਾ (64), ਯੂ.ਕੇ. (11), ਅਤੇ ਅਸਟਰੇਲੀਆ (10) ਵਿੱਚ ਪਰਵਾਸ ਕਰਨ ਨੂੰ ਤਰਜੀਹ ਦਿੱਤੀ। ਗੁਰਦਾਸਪੁਰ ਜ਼ਿਲ੍ਹਾ ਵਿੱਚ ਪਰਵਾਸੀਆਂ ਲਈ ਪੰਸਦੀਦਾ ਦੇਸ ਕੈਨੇਡਾ (40), ਅਸਟਰੇਲੀਆ (36), ਬਹਿਰੀਨ (27), ਯੂ.ਐੱਸ.ਏ. (17), ਯੂ.ਏ.ਈ. (14), ਕਤਰ (13), ਅਤੇ ਯੂ.ਕੇ. (11) ਸਨ।

**ਸਾਰਨੀ 8: ਕੌਮਾਂਤਰੀ ਪਰਵਾਸ ਵਾਲ਼ੇ ਦੇਸਾਂ ਦਾ ਜ਼ਿਲ੍ਹਾ-ਵਾਰ ਵੇਰਵਾ**

| ਮੰਜ਼ਿਲ ਵਾਲ਼ੇ ਦੇਸ | ਚੁਣੇ ਗਏ ਜ਼ਿਲ੍ਹੇ |
|---|---|

| | ਅੰਮ੍ਰਿਤਸਰ | ਬਰਨਾਲਾ | ਬਠਿੰਡਾ | ਫ਼ਿਰੋਜ਼ਪੁਰ | ਗੁਰਦਾਸਪੁਰ | ਹੁਸ਼ਿਆਰਪੁਰ | ਜਲੰਧਰ | ਲੁਧਿਆਣਾ | ਮੋਗਾ | ਪਟਿਆਲਾ | ਸੰਗਰੂਰ | ਸ੍ਰੀ ਮੁਕਤਸਰ ਸਾਹਿਬ |
|---|---|---|---|---|---|---|---|---|---|---|---|---|
| ਕੈਨੇਡਾ | 36 | 84 | 86 | 64 | 40 | 111 | 162 | 193 | 99 | 51 | 96 | 46 |
| ਅਸਟਰੇਲੀਆ | 31 | 11 | 24 | 10 | 36 | 29 | 14 | 34 | 18 | 23 | 33 | 18 |
| ਯੂ.ਏ.ਈ. | 14 | 7 | 20 | 5 | 14 | 71 | 83 | 40 | 23 | 2 | 8 | 3 |
| ਯੂ.ਕੇ. | 25 | 3 | 0 | 11 | 11 | 31 | 90 | 23 | 4 | 17 | 14 | 0 |
| ਯੂ.ਐੱਸ.ਏ. | 17 | 4 | 0 | 1 | 17 | 51 | 63 | 32 | 13 | 7 | 6 | 4 |
| ਇਟਲੀ | 0 | 1 | 1 | 3 | 1 | 37 | 53 | 12 | 3 | 16 | 4 | 0 |
| ਨਿਊਜ਼ੀਲੈਂਡ | 7 | 1 | 7 | 4 | 5 | 23 | 20 | 9 | 6 | 1 | 9 | 0 |
| ਕਤਰ | 25 | 5 | 0 | 0 | 13 | 9 | 10 | 2 | 2 | 0 | 2 | 0 |
| ਬਹਿਰੀਨ | 20 | 1 | 2 | 3 | 27 | 0 | 11 | 0 | 0 | 0 | 3 | 0 |
| ਜਰਮਨੀ | 0 | 2 | 1 | 1 | 9 | 9 | 18 | 5 | 2 | 10 | 0 | 0 |
| ਮਲੇਸ਼ੀਆ | 9 | 3 | 3 | 3 | 4 | 0 | 6 | 6 | 13 | 0 | 6 | 0 |
| ਫਿਲੀਪੀਨਜ਼ | 0 | 1 | 4 | 0 | 0 | 1 | 15 | 6 | 22 | 0 | 0 | 0 |
| ਸਪੇਨ | 0 | 0 | 0 | 0 | 1 | 13 | 11 | 7 | 0 | 3 | 1 | 0 |
| ਕੁਵੈਤ | 0 | 0 | 1 | 1 | 0 | 9 | 19 | 0 | 2 | 0 | 0 | 0 |
| ਪੁਰਤਗਾਲ | 0 | 0 | 0 | 3 | 0 | 7 | 10 | 8 | 1 | 1 | 0 | 0 |
| ਸਊਦੀ ਅਰਬ | 0 | 1 | 0 | 0 | 0 | 3 | 0 | 2 | 0 | 3 | 10 | 0 |
| ਫਰਾਂਸ | 0 | 0 | 0 | 0 | 0 | 4 | 4 | 5 | 0 | 0 | 1 | 0 |
| ਸਾਈਪ੍ਰਸ | 0 | 3 | 0 | 0 | 0 | 5 | 0 | 1 | 1 | 1 | 2 | 0 |
| ਸਿੰਗਾਪੁਰ | 0 | 2 | 1 | 3 | 0 | 2 | 1 | 0 | 1 | 0 | 3 | 0 |
| ਗ੍ਰੀਸ | 0 | 0 | 0 | 0 | 0 | 2 | 8 | 0 | 0 | 0 | 0 | 0 |
| ਲੇਬਨਾਨ | 0 | 0 | 2 | 0 | 0 | 0 | 0 | 1 | 0 | 0 | 4 | 0 |
| ਮੈਕਸੀਕੋ | 0 | 0 | 0 | 0 | 0 | 2 | 2 | 0 | 0 | 0 | 0 | 0 |
| ਜਾਰਡਨ | 0 | 1 | 0 | 0 | 0 | 0 | 0 | 2 | 0 | 0 | 0 | 0 |
| ਸਵੀਡਨ | 0 | 0 | 0 | 0 | 0 | 3 | 0 | 0 | 0 | 0 | 0 | 0 |
| ਪੋਲੈਂਡ | 0 | 0 | 0 | 0 | 0 | 0 | 1 | 0 | 0 | 1 | 0 | 0 |
| ਦੱਖਣੀ ਅਫਰੀਕਾ | 0 | 0 | 1 | 0 | 0 | 0 | 0 | 1 | 0 | 0 | 0 | 0 |
| **ਕੁੱਲ** | 184 | 130 | 153 | 112 | 178 | 422 | 601 | 389 | 210 | 136 | 202 | 71 |

**ਸਰੋਤ:** ਫੀਲਡ ਸਰਵੇਖਣ, 2022

ਹੁਸ਼ਿਆਰਪੁਰ ਜ਼ਿਲ੍ਹਾ ਵਿੱਚ ਜ਼ਿਆਦਾਤਰ ਅਰਥਾਤ 111 ਵਿਅਕਤੀਆਂ ਨੇ ਕੈਨੇਡਾ ਨੂੰ ਮੰਜ਼ਿਲ ਵਾਲ਼ੇ ਦੇਸ ਵਜੋਂ ਤਰਜੀਹ ਦਿੱਤੀ, ਜਿਸ ਤੋਂ ਬਾਅਦ 71, 51, 37, 31, 29, 23, ਅਤੇ 13 ਵਿਅਕਤੀ ਕ੍ਰਮਵਾਰ ਯੂ.ਏ.ਈ., ਯੂ.ਐੱਸ.ਏ., ਇਟਲੀ, ਯੂ.ਕੇ., ਅਸਟਰੇਲੀਆ, ਨਿਊਜ਼ੀਲੈਂਡ, ਅਤੇ ਸਪੇਨ ਗਏ। ਜਲੰਧਰ ਜ਼ਿਲ੍ਹਾ ਵਿੱਚ ਸਭ ਤੋਂ

ਵੱਧ ਪਸੰਦੀਦਾ ਦੇਸ ਕੈਨੇਡਾ, ਯੂ.ਕੇ., ਯੂ.ਏ.ਈ., ਯੂ.ਐੱਸ.ਏ., ਇਟਲੀ, ਨਿਊਜ਼ੀਲੈਂਡ, ਕੁਵੈਤ, ਜਰਮਨੀ, ਫਿਲੀਪੀਨਜ਼, ਅਸਟਰੇਲੀਆ, ਅਤੇ ਸਪੇਨ ਸਨ ਜਿੱਥੇ ਕ੍ਰਮਵਾਰ 162, 90, 83, 63, 53, 20, 19, 18, 15, 14, ਅਤੇ 11 ਵਿਅਕਤੀਆਂ ਨੇ ਪਰਵਾਸ ਕੀਤਾ। ਲੁਧਿਆਣਾ ਜ਼ਿਲ੍ਹਾ ਵਿੱਚ ਜ਼ਿਆਦਾਤਰ ਪਰਵਾਸੀਆਂ ਅਰਥਾਤ 193, ਨੇ ਕੈਨੇਡਾ ਜਾਣ ਨੂੰ ਤਰਜੀਹ ਦਿੱਤੀ ਅਤੇ ਇਸ ਤੋਂ ਬਾਅਦ ਕ੍ਰਮਵਾਰ 40, 34, 32, 23, ਅਤੇ 12 ਪਰਵਾਸੀਆਂ ਨੇ ਯੂ.ਏ.ਈ., ਅਸਟਰੇਲੀਆ, ਯੂ.ਐੱਸ.ਏ., ਯੂ.ਕੇ., ਅਤੇ ਇਟਲੀ ਨੂੰ ਤਰਜੀਹ ਦਿੱਤੀ। ਮੋਗਾ ਜ਼ਿਲ੍ਹਾ ਦੇ ਪ੍ਰਵਾਸੀਆਂ ਲਈ ਸਭ ਤੋਂ ਵੱਧ ਪਸੰਦੀਦਾ ਦੇਸ ਕ੍ਰਮਵਾਰ ਕੈਨੇਡਾ (99), ਯੂ.ਏ.ਈ. (23), ਫਿਲੀਪੀਨਜ਼ (22), ਅਸਟਰੇਲੀਆ (18), ਯੂ.ਐੱਸ.ਏ. (13), ਅਤੇ ਮਲੇਸ਼ੀਆ (13) ਸਨ। ਪਟਿਆਲਾ ਜ਼ਿਲ੍ਹਾ ਦੇ ਪਰਵਾਸੀਆਂ ਲਈ ਸਭ ਤੋਂ ਪਸੰਦੀਦਾ ਟਿਕਾਣੇ ਵਾਲ਼ੇ ਦੇਸ ਫਿਰ ਤੋਂ ਕੈਨੇਡਾ, ਅਸਟਰੇਲੀਆ, ਯੂ.ਕੇ., ਇਟਲੀ, ਅਤੇ ਜਰਮਨੀ ਸਨ, ਜਿੱਥੇ ਕ੍ਰਮਵਾਰ 51, 23, 17, 16, ਅਤੇ 10 ਵਿਅਕਤੀਆਂ ਨੇ ਪਰਵਾਸ ਕੀਤਾ। ਸੰਗਰੂਰ ਜ਼ਿਲ੍ਹਾ ਵਿੱਚ ਜ਼ਿਆਦਾਤਰ ਪਰਵਾਸੀਆਂ (96) ਨੇ ਕੈਨੇਡਾ ਜਾਣ ਨੂੰ ਤਰਜੀਹ ਦਿੱਤੀ, ਇਸ ਤੋਂ ਬਾਅਦ ਦੇ ਕ੍ਰਮਵਾਰ 33, 14, ਅਤੇ 10 ਪਰਵਾਸੀਆਂ ਨੇ ਅਸਟਰੇਲੀਆ, ਯੂ.ਕੇ., ਅਤੇ ਸਾਊਦੀ ਅਰਬ ਨੂੰ ਤਰਜ਼ੀਹ ਦਿੱਤੀ। ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹਾ ਦੇ ਜ਼ਿਆਦਾਤਰ ਪਰਵਾਸੀਆਂ ਨੇ ਕੈਨੇਡਾ (46) ਅਤੇ ਅਸਟਰੇਲੀਆ (18) ਪਰਵਾਸ ਕਰਨ ਨੂੰ ਤਰਜੀਹ ਦਿੱਤੀ।

ਮੌਜੂਦਾ ਅਧਿਐਨ ਦਰਸਾਉਂਦਾ ਹੈ ਕਿ ਪੰਜਾਬ ਦੇ ਲੋਕ ਵਿਕਸਤ ਦੇਸਾਂ ਵੱਲ ਪਰਵਾਸ ਕਰਨ ਨੂੰ ਤਰਜੀਹ ਦਿੰਦੇ ਹਨ। ਮੌਜੂਦਾ ਖੋਜ ਅਧਿਐਨ ਦਾ ਇਹ ਨਤੀਜਾ ਇੱਕ ਹੋਰ ਖੋਜ ਅਧਿਐਨ (ਕਪੂਰੀਆ ਅਤੇ ਬੀਰਵਾਲ, 2017) ਨਾਲ਼ ਮੇਲ ਖਾਂਦਾ ਹੈ ਜੋ ਦਰਸਾਉਂਦਾ ਹੈ ਕਿ ਪੰਜਾਬ ਤੋਂ ਪਰਵਾਸ ਜ਼ਿਆਦਾਤਰ ਪੱਛਮ ਦੇ ਵਿਕਸਿਤ ਦੇਸਾਂ ਵੱਲ ਹੋ ਰਿਹਾ ਹੈ। ਪਹਿਲਾਂ, ਪਰਵਾਸ ਯੂ.ਕੇ. ਵੱਲ ਸੀ ਕਿਉਂਕਿ ਜ਼ਿਆਦਾ ਕਰ ਕੇ ਪੰਜਾਬੀ ਨੌਜਵਾਨਾਂ ਨੂੰ ਉੱਥੇ ਰੁਜ਼ਗਾਰ ਦੇ ਜ਼ਿਆਦਾ ਮੌਕੇ ਮਿਲੇ। ਉਸ ਸਮੇਂ ਕੈਨੇਡਾ, ਅਸਟਰੇਲੀਆ, ਅਤੇ ਨਿਊਜ਼ੀਲੈਂਡ ਵਿੱਚ ਪਰਵਾਸੀਆਂ ਉੱਤੇ ਭਾਰੀ ਪਾਬੰਦੀਆਂ ਸਨ। 20ਵੀਂ ਸਦੀ ਦੇ ਆਖ਼ਰੀ ਦੋ ਦਹਾਕਿਆਂ ਵਿੱਚ ਆਰਥਿਕ ਨੀਤੀਆਂ ਵਿੱਚ ਉਦਾਰੀਕਰਨ ਕਾਰਨ ਵਿਕਸਤ ਦੇਸਾਂ ਨੇ ਕੌਮਾਂਤਰੀ ਪਰਵਾਸ ਵੱਲ ਨਰਮੀ ਦਾ ਰਵੀਆ ਅਪਣਾਇਆ। ਇਸ ਲਈ, ਉਸ ਸਮੇਂ ਤੋਂ ਹੀ ਉੱਚ ਹੁਨਰਮੰਦ ਅਤੇ ਗ਼ੈਰ-ਹੁਨਰਮੰਦ ਮਜ਼ਦੂਰ ਇਹਨਾਂ ਦੇਸਾਂ ਵੱਲ ਪਰਵਾਸ ਕਰ ਰਹੇ ਹਨ (ਪੁਸ਼ਕਰਨ, 2015)।

ਸਾਰਨੀ 9 ਉੱਤੇ ਨਜ਼ਰ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਪੰਜਾਬ ਦੇ ਚੁਣੇ ਗਏ ਲਗਭਗ ਸਾਰੇ ਜ਼ਿਲ੍ਹਿਆਂ ਵਿੱਚ 2014 ਤੋਂ ਬਾਅਦ ਪਰਵਾਸ ਦੀ ਪ੍ਰਕਿਰਿਆ ਵਿੱਚ ਤੇਜ਼ੀ ਆਈ ਹੈ। ਗੁਰਦਾਸਪੁਰ ਦੇ ਸਾਰੇ ਵਿਅਕਤੀ, ਅੰਮ੍ਰਿਤਸਰ ਤੋਂ 97.83 ਪ੍ਰਤਿਸ਼ਤ, ਸ੍ਰੀ ਮੁਕਤਸਰ ਸਾਹਿਬ ਤੋਂ 97.18 ਪ੍ਰਤਿਸ਼ਤ, ਬਠਿੰਡਾ ਤੋਂ 86.93 ਪ੍ਰਤਿਸ਼ਤ, ਫ਼ਿਰੋਜ਼ਪੁਰ ਤੋਂ 83.93 ਪ੍ਰਤਿਸ਼ਤ, ਸੰਗਰੂਰ ਤੋਂ 80.69 ਪ੍ਰਤਿਸ਼ਤ, ਬਰਨਾਲਾ ਤੋਂ 73.85 ਪ੍ਰਤਿਸ਼ਤ, ਪਟਿਆਲਾ ਤੋਂ 7.26 ਪ੍ਰਤਿਸ਼ਤ, ਮੋਗਾ ਤੋਂ 64.76 ਪ੍ਰਤਿਸ਼ਤ, ਲੁਧਿਆਣਾ ਤੋਂ 63.24 ਪ੍ਰਤਿਸ਼ਤ, ਹੁਸ਼ਿਆਰਪੁਰ ਤੋਂ 61.37 ਪ੍ਰਤਿਸ਼ਤ, ਅਤੇ ਜਲੰਧਰ ਤੋਂ 60.40 ਪ੍ਰਤਿਸ਼ਤ ਪਰਵਾਸੀਆਂ ਨੇ 2014 ਤੋਂ ਬਾਅਦ ਵਿਦੇਸਾਂ ਵਿੱਚ ਪਰਵਾਸ ਕੀਤਾ। ਵੱਖ ਵੱਖ ਦੇਸਾਂ ਨੇ 2020 ਵਿੱਚ ਕੋਰੋਨਾਵਾਇਰਸ ਨੂੰ ਫੈਲਣ ਤੋਂ ਰੋਕਣ ਲਈ ਤਾਲਾਬੰਦੀ ਕੀਤੀ ਜਿਸ ਨੇ ਕੌਮਾਂਤਰੀ ਪਰਵਾਸ ਦੀ ਪ੍ਰਕਿਰਿਆ ਨੂੰ ਹੌਲੀ ਕੀਤਾ ਜੋ ਮੁੜ ਤੇਜ਼ੀ ਫੜ ਰਹੀ ਹੈ। ਸਾਰਨੀ 9 ਇਹ ਵੀ ਦਰਸਉਂਦੀ ਹੈ ਕਿ 2001 ਤੋਂ ਪਹਿਲਾਂ ਜਲੰਧਰ, ਲੁਧਿਆਣਾ, ਮੋਗਾ, ਅਤੇ ਹੁਸ਼ਿਆਰਪੁਰ ਜ਼ਿਲ੍ਹਿਆਂ ਤੋਂ ਕ੍ਰਮਵਾਰ 8.65, 7.46, 6.19, ਅਤੇ 5.45 ਪ੍ਰਤਿਸ਼ਤ ਵਿਅਕਤੀਆਂ ਨੇ ਵਿਦੇਸਾਂ ਵਿੱਚ ਪਰਵਾਸ ਕੀਤਾ ਸੀ।

ਸਾਰਣੀ 9: ਪਰਵਾਸ ਦੇ ਸਾਲ ਅਨੁਸਾਰ ਪਰਵਾਸੀਆਂ ਦੀ ਜ਼ਿਲ੍ਹਾ-ਵਾਰ ਵੰਡ

| ਪਰਵਾਸ ਦਾ ਸਾਲ | ਚੁਣੇ ਗਏ ਜ਼ਿਲ੍ਹੇ | | | | | | | | | | | |
|---|---|---|---|---|---|---|---|---|---|---|---|---|
| | ਅੰਮ੍ਰਿਤਸਰ | ਬਰਨਾਲਾ | ਬਠਿੰਡਾ | ਫ਼ਿਰੋਜ਼ਪੁਰ | ਗੁਰਦਾਸਪੁਰ | ਹੁਸ਼ਿਆਰਪੁਰ | ਜਲੰਧਰ | ਲੁਧਿਆਣਾ | ਮੋਗਾ | ਪਟਿਆਲਾ | ਸੰਗਰੂਰ | ਸ੍ਰੀ ਮੁਕਤਸਰ ਸਾਹਿਬ |
| 2021 | 22 (11.96) | 21 (16.15) | 23 (15.03) | 16 (14.29) | 29 (16.29) | 42 (9.95) | 58 (9.65) | 49 (12.60) | 21 (10.00) | 17 (12.50) | 33 (16.34) | 44 (61.97) |
| 2020 | 0 (0.00) | 6 (4.62) | 14 (9.15) | 13 (11.61) | 25 (14.04) | 17 (4.03) | 11 (1.83) | 21 (5.40) | 10 (4.76) | 11 (8.09) | 18 (8.91) | 3 (4.23) |
| 2019 | 80 (43.48) | 16 (12.31) | 26 (16.99) | 20 (17.86) | 77 (43.26) | 34 (8.06) | 68 (11.31) | 47 (12.08) | 24 (11.43) | 17 (12.50) | 42 (20.75) | 12 (16.90) |
| 2018 | 35 (13.09) | 16 (12.31) | 29 (18.95) | 18 (16.07) | 31 (17.42) | 61 (14.45) | 72 (11.98) | 45 (11.57) | 27 (12.86) | 25 (18.34) | 23 (11.39) | 7 (9.85) |
| 2017 | 5 (2.72) | 26 (20.00) | 16 (10.48) | 13 (11.61) | 6 (3.37) | 36 (8.53) | 66 (10.98) | 45 (11.57) | 27 (12.86) | 11 (8.09) | 22 (10.89) | 2 (2.82) |
| 2016 | 30 (16.30) | 5 (3.85) | 19 (12.42) | 12 (10.71) | 7 (3.93) | 33 (7.82) | 33 (5.49) | 13 (3.34) | 16 (7.62) | 7 (5.15) | 18 (8.91) | 1 (1.41) |
| 2015 | 8 (4.35) | 6 (4.62) | 6 (3.92) | 2 (1.79) | 3 (1.69) | 36 (8.53) | 55 (9.15) | 26 (6.68) | 11 (5.24) | 10 (7.35) | 7 (3.47) | 0 (0.00) |
| 2014 | 3 (1.63) | 3 (2.31) | 9 (5.88) | 6 (5.36) | 0 (0.00) | 26 (6.16) | 21 (3.49) | 21 (5.40) | 10 (4.76) | 9 (6.62) | 3 (1.49) | 0 (0.00) |
| 2013 | 0 (0.00) | 1 (0.77) | 1 (0.65) | 1 (0.89) | 0 (0.00) | 6 (1.42) | 16 (2.66) | 4 (1.03) | 2 (0.95) | 5 (3.68) | 2 (0.99) | 0 (0.00) |
| 2012 | 1 (0.54) | 3 (2.31) | 3 (1.96) | 4 (3.55) | 0 (0.00) | 22 (5.21) | 37 (6.16) | 16 (4.11) | 8 (3.81) | 2 (1.47) | 7 (3.47) | 2 (2.82) |
| 2011 | 0 (0.00) | 1 (0.77) | 2 (1.31) | 1 (0.89) | 0 (0.00) | 8 (1.90) | 6 (1.00) | 12 (3.08) | 3 (1.43) | 3 (2.21) | 7 (3.47) | 0 (0.00) |
| 2010 | 0 (0.00) | 3 (2.31) | 2 (1.31) | 0 (0.00) | 0 (0.00) | 31 (7.35) | 42 (6.99) | 15 (3.86) | 9 (4.29) | 1 (0.74) | 4 (1.98) | 0 (0.00) |
| 2009 | 0 (0.00) | 4 (3.08) | 1 (0.65) | 0 (0.00) | 0 (0.00) | 5 (1.18) | 2 (0.33) | 13 (3.34) | 4 (1.90) | 5 (3.68) | 6 (2.97) | 0 (0.00) |
| 2008 | 0 (0.00) | 3 (2.31) | 0 (0.00) | 2 (1.79) | 0 (0.00) | 11 (2.61) | 20 (3.33) | 4 (1.03) | 9 (4.29) | 5 (3.68) | 4 (1.98) | 0 (0.00) |
| 2007 | 0 (0.00) | 4 (3.08) | 1 (0.65) | 2 (1.79) | 0 (0.00) | 11 (2.61) | 7 (1.16) | 10 (2.57) | 1 (0.48) | 1 (0.74) | 3 (1.49) | 0 (0.00) |
| 2006 | 0 (0.00) | 1 (0.77) | 0 (0.00) | 0 (0.00) | 0 (0.00) | 4 (0.95) | 1 (0.17) | 5 (1.29) | 4 (1.90) | 1 (0.74) | 0 (0.00) | 0 (0.00) |

| | | | | | | | | | | | | |
|---|---|---|---|---|---|---|---|---|---|---|---|---|
| 2005 | 0 (0.00) | 0 (0.00) | 1 (0.65) | 0 (0.00) | 0 (0.00) | 8 (1.90) | 16 (2.66) | 3 (0.77) | 3 (1.43) | 3 (2.21) | 0 (0.00) | 0 (0.00) |
| 2004 | 0 (0.00) | 3 (2.31) | 0 (0.00) | 0 (0.00) | 0 (0.00) | 2 (0.47) | 2 (0.33) | 1 (0.26) | 2 (0.95) | 1 (0.74) | 0 (0.00) | 0 (0.00) |
| 2003 | 0 (0.00) | 0 (0.00) | 0 (0.00) | 0 (0.00) | 0 (0.00) | 2 (0.47) | 2 (0.33) | 6 (1.54) | 0 (0.00) | 0 (0.00) | 1 (0.50) | 0 (0.00) |
| 2002 | 0 (0.00) | 0 (0.00) | 0 (0.00) | 0 (0.00) | 0 (0.00) | 4 (0.95) | 13 (2.16) | 3 (0.77) | 4 (1.90) | 2 (1.47) | 1 (0.50) | 0 (0.00) |
| 2001 | 0 (0.00) | 1 (0.77) | 0 (0.00) | 0 (0.00) | 0 (0.00) | 0 (0.00) | 1 (0.17) | 1 (0.26) | 2 (0.95) | 0 (0.00) | 0 (0.00) | 0 (0.00) |
| 2000 ਜਾਂ ਪਹਿਲਾ | 0 (0.00) | 7 (5.35) | 0 (0.00) | 2 (1.79) | 0 (0.00) | 23 (5.45) | 52 (8.67) | 29 (7.45) | 13 (6.19) | 0 (0.00) | 1 (0.50) | 0 (0.00) |
| **ਕੁੱਲ** | **184 (100.00)** | **130 (100.00)** | **153 (100.00)** | **112 (100.00)** | **178 (100.00)** | **422 (100.00)** | **601 (100.00)** | **389 (100.00)** | **210 (100.00)** | **136 (100.00)** | **202 (100.00)** | **71 (100.00)** |

**ਸਰੋਤ:** ਫੀਲਡ ਸਰਵੇਖਣ, 2022
**ਨੋਟ:** ਬਰੈਕਟਾਂ ਵਿੱਚ ਦਿੱਤੇ ਗਏ ਅੰਕੜੇ ਪ੍ਰਤਿਸ਼ਤਤਾ ਨੂੰ ਦਰਸਾਉਂਦੇ ਹਨ।

ਵਿਦੇਸਾਂ ਵਿੱਚ ਪਰਵਾਸ ਦੀ ਕੋਸ਼ਿਸ਼ ਕਾਨੂੰਨੀ ਅਤੇ ਗ਼ੈਰ-ਕਾਨੂੰਨੀ ਦੋਵਾਂ ਢੰਗਾਂ ਦੁਆਰਾ ਕੀਤੀ ਜਾਂਦੀ ਹੈ। ਜਿੱਥੇ ਕਾਨੂੰਨੀ ਢੰਗ ਵਿੱਚ ਵਧੇਰੇ ਸਮਾਂ ਲੱਗਦਾ ਹੈ ਅਤੇ ਇਸ ਵਿੱਚ ਘੱਟ ਜੋਖਮ ਹੁੰਦਾ ਹੈ, ਉੱਥੇ ਦੂਜੇ ਪਾਸੇ ਗ਼ੈਰ-ਕਨੂੰਨੀ ਪਰਵਾਸ ਦੂਜੇ ਦੇਸ ਦੀ ਪ੍ਰਬੰਧਕੀ ਅਤੇ ਕਾਨੂੰਨੀ ਵਿਵਸਥਾ ਨੂੰ ਤੋੜ ਕੇ ਉਸ ਦੇਸ ਵਿੱਚ ਦਾਖ਼ਲ ਹੋਣ ਦੀ ਕੋਸ਼ਿਸ਼ ਹੈ, ਜੋ ਇੱਕ ਬਹੁਤ ਹੀ ਜੋਖਮ ਭਰਪੂਰ ਮਾਮਲਾ ਹੈ। ਮੌਜੂਦਾ ਖੋਜ ਅਧਿਐਨ ਦੇ ਸਕਾਰਾਤਮਕ ਪਹਿਲੂਆਂ ਵਿੱਚੋਂ ਇੱਕ ਪਹਿਲੂ ਇਹ ਹੈ ਕਿ ਪੰਜਾਬ ਦੇ ਅੰਮ੍ਰਿਤਸਰ, ਬਰਨਾਲਾ, ਬਠਿੰਡਾ, ਗੁਰਦਾਸਪੁਰ, ਮੋਗਾ, ਸੰਗਰੂਰ, ਅਤੇ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹਿਆਂ ਵਿੱਚ ਕੌਮਾਂਤਰੀ ਪਰਵਾਸ ਕਾਨੂੰਨੀ ਢੰਗ ਨਾਲ਼ ਹੋਇਆ ਹੈ। ਪਰਵਾਸੀਆਂ ਦੇ ਇੱਕ ਛੋਟੇ ਜਿਹੇ ਪ੍ਰਤਿਸ਼ਤ, ਜਿਵੇਂ ਕਿ ਹੁਸ਼ਿਆਰਪੁਰ ਵਿੱਚ 3.79, ਪਟਿਆਲਾ ਵਿੱਚ 2.94, ਜਲੰਧਰ ਵਿੱਚ 2.66, ਲੁਧਿਆਣਾ ਵਿੱਚ 1.03, ਅਤੇ ਫ਼ਿਰੋਜ਼ਪੁਰ ਵਿੱਚ 0.89 ਨੇ ਗ਼ੈਰ-ਕਾਨੂੰਨੀ ਢੰਗ ਨਾਲ਼ ਵਿਦੇਸਾਂ ਵਿੱਚ ਪਰਵਾਸ ਕੀਤਾ (ਸਾਰਨੀ 10)। ਯੂ.ਐੱਨ.ਓ.ਡੀ.ਸੀ. (2009) ਦੀ ਇੱਕ ਰਿਪੋਰਟ ਇਹ ਖੁਲਾਸਾ ਕਰਦੀ ਹੈ ਕਿ ਦਲਾਲ-ਤਸਕਰ ਚੁੰਗਲ ਵਿੱਚ ਫਸ ਕੇ ਜ਼ਿਆਦਾਤਰ ਪੰਜਾਬੀ ਨੌਜਵਾਨ ਵਿਦੇਸਾਂ ਦੀ ਸਾਨੋ-ਸ਼ੌਕਤ ਦੇ ਪ੍ਰਭਾਵ ਹੇਠ ਗ਼ੈਰ-ਕਾਨੂੰਨੀ ਢੰਗ ਨਾਲ਼ ਪਰਵਾਸ ਕਰ ਜਾਂਦੇ ਹਨ ਜਿਸ ਕਾਰਨ ਉਹਨਾਂ ਨੂੰ ਸ਼ੋਸ਼ਣ ਦਾ ਸ਼ਿਕਾਰ ਹੋਣਾ ਪੈਂਦਾ ਹੈ। ਗੌੜ ਅਤੇ ਸਕਸੈਨਾ (2005) ਨੇ ਆਪਣੇ ਇੱਕ ਖੋਜ ਅਧਿਐਨ ਵਿੱਚ ਵੀ ਇਸੇ ਤਰ੍ਹਾਂ ਦਾ ਨਤੀਜਾ ਸਾਹਮਣੇ ਲਿਆਂਦਾ ਹੈ ਕਿ ਜਿੱਥੇ ਭਰਤੀ ਏਜੰਟਾਂ ਜਾਂ ਰੁਜ਼ਗਾਰਦਾਤਾਵਾਂ ਨੇ ਪਰਵਾਸੀਆਂ ਨੂੰ ਗ਼ੈਰ-ਕਾਨੂੰਨੀ ਤੌਰ ਉੱਤੇ ਪਾਇਆ ਹੈ, ਉੱਥੇ ਪਰਵਾਸੀਆਂ ਨੂੰ ਗੰਭੀਰ ਸ਼ੋਸ਼ਣ ਦਾ ਸ਼ਿਕਾਰ ਹੋਣਾ ਪਿਆ।

**ਸਾਰਨੀ 10: ਪਰਵਾਸ ਦੇ ਢੰਗ ਅਨੁਸਾਰ ਪਰਵਾਸੀਆਂ ਦੀ ਜ਼ਿਲ੍ਹਾ-ਵਾਰ ਵੰਡ**

| **ਚੁਣੇ ਹੋਏ ਜ਼ਿਲ੍ਹੇ** | **ਪਰਵਾਸ ਦੇ ਢੰਗ** | | **ਕੁੱਲ** |
|---|---|---|---|
| | **ਕਨੂੰਨੀ** | **ਗ਼ੈਰ-ਕਨੂੰਨੀ** | |
| ਅੰਮ੍ਰਿਤਸਰ | 184 (100.00) | 0 (0.00) | 184 (100.00) |
| ਬਰਨਾਲਾ | 130 (100.00) | 0 (0.00) | 130 (100.00) |

| | | | |
|---|---|---|---|
| ਬਠਿੰਡਾ | 153 (100.00) | 0 (0.00) | 153 (100.00) |
| ਫ਼ਿਰੋਜ਼ਪੁਰ | 111 (99.11) | 1 (0.89) | 112 (100.00) |
| ਗੁਰਦਾਸਪੁਰ | 178 (100.00) | 0 (0.00) | 178 (100.00) |
| ਹੁਸ਼ਿਆਰਪੁਰ | 406 (96.21) | 16 (3.79) | 422 (100.00) |
| ਜਲੰਧਰ | 585 (97.34) | 16 (2.66) | 601 (100.00) |
| ਲੁਧਿਆਣਾ | 385 (98.97) | 4 (1.03) | 389 (100.00) |
| ਮੋਗਾ | 210 (100.00) | 0 (0.00) | 210 (100.00) |
| ਪਟਿਆਲਾ | 132 (97.06) | 4 (2.94) | 136 (100.00) |
| ਸੰਗਰੂਰ | 202 (100.00) | 0 (0.00) | 202 (100.00) |
| ਸ੍ਰੀ ਮੁਕਤਸਰ ਸਾਹਿਬ | 71 (100.00) | 0 (0.00) | 71 (100.00) |

**ਸਰੋਤ:** ਫੀਲਡ ਸਰਵੇਖਣ, 2022
**ਨੋਟ:** ਬਰੈਕਟਾਂ ਵਿੱਚ ਦਿੱਤੇ ਗਏ ਅੰਕੜੇ ਪ੍ਰਤਿਸ਼ਤਤਾ ਨੂੰ ਦਰਸਾਉਂਦੇ ਹਨ।

ਸਾਰਨੀ 11 ਦਰਸਾਉਂਦੀ ਹੈ ਕਿ ਪੰਜਾਬ ਦੇ ਵੱਖ ਵੱਖ ਚੁਣੇ ਗਏ ਜ਼ਿਲ੍ਹਿਆਂ ਤੋਂ ਕਾਨੂੰਨੀ ਤੌਰ ਉੱਤੇ ਪਰਵਾਸ ਕਰਨ ਵਾਲ਼ੇ ਕੁੱਲ ਵਿਅਕਤੀਆਂ ਵਿੱਚੋਂ ਸਭ ਤੋਂ ਵੱਧ ਵਿਅਕਤੀਆਂ ਨੇ ਸ੍ਰੀ ਮੁਕਤਸਰ ਸਾਹਿਬ (92.96 ਪ੍ਰਤਿਸ਼ਤ), ਸੰਗਰੂਰ (71.78 ਪ੍ਰਤਿਸ਼ਤ), ਫ਼ਿਰੋਜ਼ਪੁਰ (67.57 ਪ੍ਰਤਿਸ਼ਤ), ਬਠਿੰਡਾ (64.71 ਪ੍ਰਤਿਸ਼ਤ), ਪਟਿਆਲਾ (63.64 ਪ੍ਰਤਿਸ਼ਤ), ਗੁਰਦਾਸਪੁਰ (61.24 ਪ੍ਰਤਿਸ਼ਤ), ਅੰਮ੍ਰਿਤਸਰ (54.89 ਪ੍ਰਤਿਸ਼ਤ), ਲੁਧਿਆਣਾ (54.29 ਪ੍ਰਤਿਸ਼ਤ), ਬਰਨਾਲਾ (50.77 ਪ੍ਰਤਿਸ਼ਤ), ਹੁਸ਼ਿਆਰਪੁਰ (49.75 ਪ੍ਰਤਿਸ਼ਤ), ਅਤੇ ਮੋਗਾ (47.62 ਪ੍ਰਤਿਸ਼ਤ) ਜ਼ਿਲ੍ਹਿਆਂ ਵਿੱਚੋਂ ਪੜ੍ਹਾਈ ਵੀਜ਼ੇ ਉੱਤੇ ਵਿਦੇਸਾਂ ਵਿੱਚ ਪ੍ਰਵੇਸ਼ ਕੀਤਾ। ਇਸ ਤੋਂ ਬਾਅਦ ਪੰਜਾਬ ਦੇ ਉਪਰੋਕਤ ਸਾਰੇ ਜ਼ਿਲ੍ਹਿਆਂ ਵਿੱਚ ਪਰਵਾਸੀਆਂ ਨੇ ਵਰਕ ਵੀਜ਼ੇ ਉੱਤੇ ਵਿਦੇਸਾਂ ਵਿੱਚ ਪਰਵਾਸ ਕੀਤਾ। ਜਲੰਧਰ ਜ਼ਿਲ੍ਹਾ ਵਿੱਚ ਸਭ ਤੋਂ ਵੱਧ 51.11 ਪ੍ਰਤਿਸ਼ਤ ਵਿਅਕਤੀ ਵਰਕ ਵੀਜ਼ੇ ਉੱਤੇ ਵਿਦੇਸਾਂ ਵਿੱਚ ਗਏ, ਜਦੋਂ ਕਿ 38.29 ਪ੍ਰਤਿਸ਼ਤ ਵਿਅਕਤੀਆਂ ਨੇ ਪੜ੍ਹਾਈ ਵੀਜ਼ੇ ਉੱਤੇ ਵਿਦੇਸਾਂ ਵਿੱਚ ਪ੍ਰਵੇਸ਼ ਕੀਤਾ। ਬਰਨਾਲਾ, ਬਠਿੰਡਾ, ਫ਼ਿਰੋਜ਼ਪੁਰ, ਲੁਧਿਆਣਾ, ਮੋਗਾ, ਅਤੇ ਪਟਿਆਲਾ ਜ਼ਿਲ੍ਹਿਆਂ ਵਿੱਚ ਅਗਲੀ ਕਿਸਮ ਦਾ ਵੀਜ਼ਾ ਸਪਾਊਸ ਵੀਜ਼ਾ ਸੀ, ਜਿਸ ਤੋਂ ਬਾਅਦ ਵਿਦੇਸਾਂ ਵਿੱਚ ਪਰਵਾਸ ਕਰਨ ਲਈ ਵਿਜ਼ਟਰ, ਅਤੇ ਪਰਿਵਾਰ ਜਾਂ ਖ਼ੂਨ ਨਾਲ਼ ਸੰਬੰਧਿਤ ਕਿਸਮ ਦੇ ਵੀਜ਼ਿਆਂ ਦਾ ਕ੍ਰਮ ਸੀ, ਜਦੋਂ ਕਿ ਪੰਜਾਬ ਦੇ ਬਾਕੀ ਹੋਰ ਚੁਣੇ ਗਏ ਜ਼ਿਲ੍ਹਿਆਂ ਵਿੱਚ ਵੀਜ਼ੇ ਦੀਆਂ ਕਿਸਮਾਂ ਦੀ ਦਰਜਾਬੰਦੀ ਵਿੱਚ ਕੁਝ ਭਿੰਨਤਾਵਾਂ ਪਾਈਆਂ ਗਈਆਂ।

**ਸਾਰਨੀ 11: ਕਾਨੂੰਨੀ ਢੰਗ ਨਾਲ਼ ਪਰਵਾਸ ਲਈ ਵੀਜ਼ੇ ਦੀ ਕਿਸਮ ਅਨੁਸਾਰ ਜ਼ਿਲ੍ਹਾ-ਵਾਰ ਵੰਡ**

| ਚੁਣੇ ਹੋਏ ਜ਼ਿਲ੍ਹੇ | ਵੀਜ਼ੇ ਦੀ ਕਿਸਮ | | | | | ਕੁੱਲ |
|---|---|---|---|---|---|---|
| | ਪੜ੍ਹਾਈ | ਵਰਕ | ਸਪਾਊਸ | ਵਿਜ਼ਟਰ | ਪਰਿਵਾਰ/ਖ਼ੂਨ ਨਾਲ਼ ਸੰਬੰਧਿਤ | |
| ਅੰਮ੍ਰਿਤਸਰ | 101 (54.89) | 67 (36.41) | 3 (1.63) | 0 (0.00) | 13 (7.07) | 184 (100.00) |
| ਬਰਨਾਲਾ | 66 (50.77) | 33 (25.38) | 20 (15.38) | 8 (6.15) | 3 (2.32) | 130 (100.00) |

| | | | | | | |
|---|---|---|---|---|---|---|
| ਬਠਿੰਡਾ | 99 (64.71) | 47 (30.72) | 4 (2.61) | 2 (1.31) | 1 (0.65) | 153 (100.00) |
| ਫ਼ਿਰੋਜ਼ਪੁਰ | 75 (67.57) | 23 (20.72) | 11 (9.91) | 1 (0.90) | 1 (0.90) | 111 (100.00) |
| ਗੁਰਦਾਸਪੁਰ | 109 (61.24) | 61 (34.27) | 5 (2.81) | 0 (0.00) | 3 (1.68) | 178 (100.00) |
| ਹੁਸ਼ਿਆਰਪੁਰ | 202 (49.75) | 167 (41.13) | 14 (3.45) | 19 (4.68) | 4 (0.99) | 406 (100.00) |
| ਜਲੰਧਰ | 224 (38.29) | 299 (51.11) | 17 (2.91) | 36 (6.15) | 9 (1.54) | 585 (100.00) |
| ਲੁਧਿਆਣਾ | 209 (54.29) | 104 (27.01) | 41 (10.65) | 21 (5.45) | 10 (2.60) | 385 (100.00) |
| ਮੋਗਾ | 100 (47.62) | 80 (38.10) | 18 (8.57) | 7 (3.33) | 5 (2.38) | 210 (100.00) |
| ਪਟਿਆਲਾ | 84 (63.64) | 28 (21.21) | 11 (8.33) | 5 (3.79) | 4 (3.03) | 132 (100.00) |
| ਸੰਗਰੂਰ | 145 (71.78) | 43 (21.29) | 0 (0.00) | 12 (5.94) | 2 (0.99) | 202 (100.00) |
| ਸ੍ਰੀ ਮੁਕਤਸਰ ਸਾਹਿਬ | 66 (92.96) | 4 (5.63) | 0 (0.00) | 0 (0.00) | 1 (1.41) | 71 (100.00) |

**ਸਰੋਤ:** ਫੀਲਡ ਸਰਵੇਖਣ, 2022
**ਨੋਟ:** ਬਰੈਕਟਾਂ ਵਿੱਚ ਦਿੱਤੇ ਗਏ ਅੰਕੜੇ ਪ੍ਰਤਿਸ਼ਤਤਾ ਨੂੰ ਦਰਸਾਉਂਦੇ ਹਨ।

ਪਰਵਾਸ ਨੂੰ ਪ੍ਰਭਾਵਿਤ ਕਰਨ ਵਾਲ਼ੇ ਬਹੁਤ ਸਾਰੇ ਤੱਤ ਹੁੰਦੇ ਹਨ ਕਿਉਂਕਿ ਪਰਵਾਸ ਕਰਨ ਦਾ ਫ਼ੈਸਲਾ ਕਦੇ ਵੀ ਇੱਕ ਤੱਤ ਦੁਆਰਾ ਹੀ ਪ੍ਰਭਾਵਿਤ ਨਹੀਂ ਹੁੰਦਾ। ਕੌਮਾਂਤਰੀ ਪਰਵਾਸ ਕਰਨ ਦਾ ਫ਼ੈਸਲਾ ਇੱਕ ਸਖ਼ਤ ਕਦਮ ਹੈ ਕਿਉਂਕਿ ਇਸ ਕਿਸਮ ਦੇ ਪਰਵਾਸ ਵਿੱਚ ਬਹੁਤ ਜ਼ਿਆਦਾ ਜੋਖਮ ਦੇ ਨਾਲ਼ ਨਾਲ਼ ਵੱਧ ਲਾਭ ਵੀ ਸ਼ਾਮਿਲ ਹੁੰਦੇ ਹਨ। ਪਰਵਾਸ ਨੂੰ ਪ੍ਰਭਾਵਿਤ ਕਰਨ ਵਾਲ਼ੇ ਤੱਤਾਂ ਨੂੰ ਧੱਕਣ ਵਾਲ਼ੇ ਅਤੇ ਖਿੱਚਣ ਵਾਲ਼ੇ ਤੱਤਾਂ ਵਿੱਚ ਵੰਡਿਆ ਜਾ ਸਕਦਾ ਹੈ। ਧੱਕਣ ਵਾਲ਼ੇ ਤੱਤ ਉਹ ਹੁੰਦੇ ਹਨ ਜੋ ਕਿਸੇ ਵਿਅਕਤੀ ਨੂੰ, ਵੱਖ ਵੱਖ ਕਾਰਨਾਂ ਕਰ ਕੇ, ਆਪਣਾ ਮੂਲ ਸਥਾਨ ਛੱਡਣ ਅਤੇ ਕਿਸੇ ਹੋਰ ਥਾਂ ਉੱਤੇ ਜਾਣ ਲਈ ਮਜਬੂਰ ਕਰਦੇ ਹਨ। ਦੂਜੇ ਪਾਸੇ, ਖਿੱਚਣ ਵਾਲ਼ੇ ਤੱਤ ਉਹਨਾਂ ਕਾਰਕਾਂ ਨੂੰ ਦਰਸਾਉਂਦੇ ਹਨ ਜੋ ਲੋਕਾਂ ਨੂੰ ਇੱਕ ਨਵੇਂ ਖੇਤਰ ਵਿੱਚ ਜਾਣ ਲਈ ਆਕਰਸ਼ਿਤ ਕਰਦੇ ਹਨ (ਕੈਂਥ, 2010)। ਧੱਕਣ ਵਾਲ਼ੇ ਕਾਰਕਾਂ ਵਿੱਚ ਵਧਦੀ ਬੇਰੁਜ਼ਗਾਰੀ, ਸਾਥੀਆਂ ਦਾ ਦਬਾਅ, ਸਮਾਜਿਕ-ਆਰਥਿਕ ਸਥਿਤੀਆਂ ਦਾ ਵਿਗੜਨਾ, ਅਤੇ ਸਮਾਜਿਕ ਮੁੱਦੇ ਜਿਵੇਂ ਕਿ ਨਸ਼ਾਖੋਰੀ ਜਾਂ ਵਧ ਰਹੇ ਅਪਰਾਧ ਆਦਿ ਸ਼ਾਮਿਲ ਹਨ। ਦੂਜੇ ਦੇਸ ਵੀ ਕਈ ਖਿੱਚ ਦੇ ਕਾਰਕ ਪੈਦਾ ਕਰਦੇ ਹਨ ਜਿਵੇਂ ਕਿ ਮੁਕਾਬਲਤਨ ਵਧੇਰੇ ਕਮਾਈ ਦੇ ਮੌਕੇ, ਬਿਹਤਰ ਵਿੱਦਿਅਕ ਅਤੇ ਰਹਿਣ-ਸਹਿਣ ਦੀਆਂ ਸਥਿਤੀਆਂ, ਵਧੀਆ ਪ੍ਰਸ਼ਾਸਕੀ ਸਹੂਲਤਾਂ, ਪਰਿਵਾਰਕ ਪਰਵਾਸ/ਵਿਆਹ ਆਦਿ। ਜਦੋਂ ਪਰਵਾਸੀਆਂ ਜਾਂ ਉਹਨਾਂ ਦੇ ਪਰਿਵਾਰਕ ਮੈਂਬਰਾਂ ਨੂੰ ਪਰਵਾਸ ਦੇ ਕਾਰਨਾਂ ਬਾਰੇ ਪੁੱਛਿਆ ਗਿਆ ਤਾਂ ਉਹਨਾਂ ਨੇ ਹੇਠਾਂ ਦਿੱਤੇ ਕਾਰਨਾਂ ਬਾਰੇ ਦੱਸਿਆ (ਸਾਰਨੀ 12):

- ਪਟਿਆਲਾ, ਬਠਿੰਡਾ, ਸੰਗਰੂਰ, ਜਲੰਧਰ, ਹੁਸ਼ਿਆਰਪੁਰ, ਲੁਧਿਆਣਾ, ਫ਼ਿਰੋਜ਼ਪੁਰ, ਬਰਨਾਲਾ, ਮੋਗਾ, ਸ੍ਰੀ ਮੁਕਤਸਰ ਸਾਹਿਬ, ਗੁਰਦਾਸਪੁਰ, ਅਤੇ ਅੰਮ੍ਰਿਤਸਰ ਜ਼ਿਲ੍ਹਿਆਂ ਦੇ ਕ੍ਰਮਵਾਰ 99.26, 97.39, 96.04, 93.18, 88.86, 87.37, 85.71, 78.46, 66.82, 52.11, 29.21, ਅਤੇ 26.63 ਪ੍ਰਤਿਸ਼ਤ ਪਰਵਾਸੀਆਂ ਦੇ ਸੰਬੰਧ ਵਿੱਚ ਉਹਨਾਂ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਉਹਨਾਂ ਦੇ ਬੱਚਿਆਂ/ਮੈਂਬਰਾਂ ਦੇ ਪਰਵਾਸ ਦਾ ਮੁੱਖ ਕਾਰਨ ਬੇਰੁਜ਼ਗਾਰੀ ਹੈ।

- ਅੰਮ੍ਰਿਤਸਰ ਜ਼ਿਲ੍ਹਾ ਦੇ ਇੱਕ-ਤਿਹਾਈ ਤੋਂ ਥੋੜ੍ਹਾ ਵੱਧ ਪਰਵਾਸੀ ਭਾਵ 34.78 ਪ੍ਰਤਿਸ਼ਤ ਆਪਣੇ ਹਾਣੀਆਂ ਦੇ ਦਬਾਅ ਨੂੰ ਮਹਿਸੂਸ ਕਰਦੇ ਹੋਏ ਵਿਦੇਸ ਗਏ। ਪਟਿਆਲਾ, ਗੁਰਦਾਸਪੁਰ, ਜਲੰਧਰ, ਬਰਨਾਲਾ, ਲੁਧਿਆਣਾ, ਫ਼ਿਰੋਜ਼ਪੁਰ, ਮੋਗਾ, ਬਠਿੰਡਾ, ਸ੍ਰੀ ਮੁਕਤਸਰ ਸਾਹਿਬ, ਸੰਗਰੂਰ, ਅਤੇ ਹੁਸ਼ਿਆਰਪੁਰ ਜ਼ਿਲ੍ਹਿਆਂ ਦੇ ਕ੍ਰਮਵਾਰ 30.88, 30.34, 25.29, 22.31, 22.16, 21.43, 18.48, 15.03, 14.08, 11.39, ਅਤੇ 9.48 ਪ੍ਰਤਿਸ਼ਤ ਪਰਵਾਸੀਆਂ ਦੇ ਪਰਿਵਾਰਕ ਮੈਂਬਰਾਂ ਨੇ ਵੀ ਇਹੀ ਕਾਰਨ ਦੱਸਿਆ।
- ਫ਼ਿਰੋਜ਼ਪੁਰ ਦੇ 40.18, ਅੰਮ੍ਰਿਤਸਰ ਦੇ 28.26, ਮੋਗਾ ਦੇ 25.59, ਗੁਰਦਾਸਪੁਰ ਦੇ 20.79, ਪਟਿਆਲਾ ਦੇ 11.76, ਲੁਧਿਆਣਾ ਦੇ 10.57, ਸੰਗਰੂਰ ਦੇ 9.90, ਸ੍ਰੀ ਮੁਕਤਸਰ ਸਾਹਿਬ ਦੇ 9.86, ਬਰਨਾਲਾ ਦੇ 9.23, ਬਠਿੰਡਾ ਦੇ 5.23, ਜਲੰਧਰ ਦੇ 4.66 ਅਤੇ ਹੁਸ਼ਿਆਰਪੁਰ ਦੇ 4.27 ਪ੍ਰਤਿਸ਼ਤ ਪਰਵਾਸੀਆਂ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਉਹਨਾਂ ਦੇ ਬੱਚੇ ਪੰਜਾਬ ਵਿੱਚ ਫੈਲੇ ਨਸ਼ਿਆਂ ਤੋਂ ਬਚਣ ਲਈ ਵਿਦੇਸ ਚਲੇ ਗਏ।
- ਸੂਬੇ ਦੀਆਂ ਵਿਗੜਦੀਆਂ ਹੋਈਆਂ ਸਮਾਜਿਕ-ਆਰਥਿਕ ਹਾਲਤਾਂ ਨੇ ਅੰਮ੍ਰਿਤਸਰ, ਸੰਗਰੂਰ, ਬਰਨਾਲਾ, ਪਟਿਆਲਾ, ਫ਼ਿਰੋਜ਼ਪੁਰ, ਗੁਰਦਾਸਪੁਰ, ਜਲੰਧਰ, ਹੁਸ਼ਿਆਰਪੁਰ, ਮੋਗਾ, ਬਠਿੰਡਾ, ਲੁਧਿਆਣਾ, ਅਤੇ ਸ੍ਰੀ ਮੁਕਤਸਰ ਸਾਹਿਬ ਦੇ ਕ੍ਰਮਵਾਰ 42.39, 34.16, 25.38, 23.53, 21.43, 19.66, 16.31, 14.69, 11.37, 9.15, 8.51, ਅਤੇ 7.04 ਪ੍ਰਤਿਸ਼ਤ ਵਿਅਕਤੀਆਂ ਨੂੰ ਵਿਦੇਸਾਂ ਵਿੱਚ ਪਰਵਾਸ ਕਰਨ ਲਈ ਮਜਬੂਰ ਕੀਤਾ।

ਸਾਰਨੀ 12: ਕੌਮਾਂਤਰੀ ਪਰਵਾਸ ਨੂੰ ਪ੍ਰਭਾਵਿਤ ਕਰਨ ਵਾਲ਼ੇ ਤੱਤ ਅਨੁਸਾਰ ਜ਼ਿਲ੍ਹਾ-ਵਾਰ ਵੰਡ

| ਚੁਣੇ ਹੋਏ ਜ਼ਿਲ੍ਹੇ | ਧੱਕਣ ਵਾਲ਼ੇ ਤੱਤ | | | | | ਖਿੱਚਣ ਵਾਲ਼ੇ ਤੱਤ | | | |
|---|---|---|---|---|---|---|---|---|---|
| | ਬੇਰੁਜ਼ਗਾਰੀ | ਸਾਥੀਆਂ ਦਾ ਦਬਾਅ | ਨਸ਼ਾਖੋਰੀ ਤੋਂ ਬਚਣਾ | ਵਿਗੜਦੀਆਂ ਸਮਾਜਿਕ-ਆਰਥਿਕ ਸਥਿਤੀਆਂ | ਵਧ ਰਹੇ ਅਪਰਾਧ | ਵਧੇਰੇ ਕਮਾਈ ਕਰਨ ਦੀ ਇੱਛਾ | ਦੂਜੇ ਦੇਸ਼ਾਂ ਵਿੱਚ ਵਧੀਆ ਰਹਿਣ-ਸਹਿਣ ਦੀਆਂ ਸਥਿਤੀਆਂ ਅਤੇ ਪ੍ਰਸ਼ਾਸਕੀ ਸਹੂਲਤਾਂ | ਪਰਿਵਾਰਕ ਪਰਵਾਸ/ਵਿਆਹ | ਉੱਚ-ਸਿੱਖਿਆ ਪ੍ਰਾਪਤ ਕਰਨਾ |
| ਅੰਮ੍ਰਿਤਸਰ | 49 (26.63) | 64 (34.78) | 52 (28.26) | 78 (42.39) | 14 (7.61) | 167 (90.76) | 151 (82.07) | 31 (16.85) | 73 (39.67) |
| ਬਰਨਾਲਾ | 52 (29.21) | 54 (30.34) | 37 (20.79) | 35 (19.66) | 29 (16.29) | 78 (43.82) | 149 (83.71) | 23 (12.92) | 63 (35.39) |
| ਬਠਿੰਡਾ | 375 (88.86) | 40 (9.48) | 18 (4.27) | 62 (14.69) | 6 (1.42) | 313 (74.17) | 291 (68.96) | 38 (9.00) | 125 (29.62) |
| ਫ਼ਿਰੋਜ਼ਪੁਰ | 560 (93.18) | 152 (25.29) | 28 (4.66) | 98 (16.31) | 6 (1.00) | 502 (83.53) | 465 (77.37) | 51 (8.49) | 167 (27.79) |
| ਗੁਰਦਾਸਪੁਰ | 102 (78.46) | 29 (22.31) | 12 (9.23) | 33 (25.38) | 0 (0.00) | 75 (57.69) | 110 (84.62) | 25 (19.23) | 6 (4.62) |
| ਹੁਸ਼ਿਆਰਪੁਰ | 149 (97.39) | 23 (15.03) | 8 (5.23) | 14 (9.15) | 0 (0.00) | 127 (83.01) | 118 (77.12) | 16 (10.46) | 99 (64.71) |
| ਜਲੰਧਰ | 96 (85.71) | 24 (21.43) | 45 (40.18) | 24 (21.43) | 12 (10.71) | 69 (61.61) | 66 (58.93) | 15 (13.39) | 1 (0.89) |
| ਲੁਧਿਆਣਾ | 339 (87.37) | 86 (22.16) | 41 (10.57) | 33 (8.51) | 1 (0.26) | 207 (53.35) | 121 (31.19) | 25 (6.44) | 12 (3.09) |
| ਮੋਗਾ | 141 (66.82) | 39 (18.48) | 54 (25.59) | 24 (11.37) | 6 (2.84) | 131 (62.09) | 168 (79.62) | 39 (18.48) | 8 (3.79) |
| ਪਟਿਆਲਾ | 135 (99.26) | 42 (30.88) | 16 (11.76) | 32 (23.53) | 11 (8.09) | 114 (83.82) | 113 (83.09) | 21 (15.44) | 65 (47.79) |
| ਸੰਗਰੂਰ | 194 (96.04) | 23 (11.39) | 20 (9.90) | 69 (34.16) | 3 (1.49) | 91 (45.05) | 166 (82.18) | 10 (4.95) | 15 (7.43) |
| ਸ੍ਰੀ ਮੁਕਤਸਰ ਸਾਹਿਬ | 37 (52.11) | 10 (14.08 | 7 (9.86) | 5 (7.04) | 6 (8.45) | 62 (87.32) | 36 (50.70) | 2 (2.82) | 27 (38.03) |

**ਸਰੋਤ:** ਫੀਲਡ ਸਰਵੇਖਣ, 2022
**ਨੋਟ:** ਬਰੈਕਟਾਂ ਵਿੱਚ ਦਿੱਤੇ ਗਏ ਅੰਕੜੇ ਪ੍ਰਤਿਸ਼ਤਤਾ ਨੂੰ ਦਰਸਾਉਂਦੇ ਹਨ।

- ਸੂਬੇ ਵਿੱਚ ਵਧ ਰਹੇ ਅਪਰਾਧਾਂ ਤੋਂ ਤੰਗ ਆਏ ਗੁਰਦਾਸਪੁਰ ਦੇ 16.29 ਪ੍ਰਤਿਸ਼ਤ, ਫ਼ਿਰੋਜ਼ਪੁਰ ਦੇ 10.71 ਪ੍ਰਤਿਸ਼ਤ, ਸ੍ਰੀ ਮੁਕਤਸਰ ਸਾਹਿਬ ਦੇ 8.45 ਪ੍ਰਤਿਸ਼ਤ, ਪਟਿਆਲਾ ਦੇ 8.09 ਪ੍ਰਤਿਸ਼ਤ, ਅੰਮ੍ਰਿਤਸਰ ਦੇ 7.61 ਪ੍ਰਤਿਸ਼ਤ, ਮੋਗਾ ਦੇ 2.84 ਪ੍ਰਤਿਸ਼ਤ, ਸੰਗਰੂਰ ਦੇ 1.49 ਪ੍ਰਤਿਸ਼ਤ, ਹੁਸ਼ਿਆਰਪੁਰ ਦੇ 1.42 ਪ੍ਰਤਿਸ਼ਤ, ਜਲੰਧਰ ਦੇ 1.00 ਪ੍ਰਤਿਸ਼ਤ, ਅਤੇ ਲੁਧਿਆਣਾ ਦੇ 0.26 ਪ੍ਰਤਿਸ਼ਤ ਵਿਅਕਤੀਆਂ ਨੇ ਵਿਦੇਸਾਂ ਵਿੱਚ ਜਾਣਾ ਬਿਹਤਰ ਸਮਝਿਆ।
- ਅੰਮ੍ਰਿਤਸਰ, ਸ੍ਰੀ ਮੁਕਤਸਰ ਸਾਹਿਬ, ਪਟਿਆਲਾ, ਜਲੰਧਰ, ਬਠਿੰਡਾ, ਹੁਸ਼ਿਆਰਪੁਰ, ਮੋਗਾ, ਫ਼ਿਰੋਜ਼ਪੁਰ, ਬਰਨਾਲਾ, ਲੁਧਿਆਣਾ, ਸੰਗਰੂਰ, ਅਤੇ ਗੁਰਦਾਸਪੁਰ ਜ਼ਿਲ੍ਹਿਆਂ ਦੇ ਕ੍ਰਮਵਾਰ 90.76, 87.32, 83.82, 83.53, 83.01, 74.17, 62.09, 61.61, 57.69, 53.35, 45.05, ਅਤੇ 43.82 ਪ੍ਰਤਿਸ਼ਤ ਪਰਵਾਸੀਆਂ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਉਹਨਾਂ ਦੇ ਬੱਚਿਆਂ/ਮੈਂਬਰਾਂ ਦੀ ਵਧੇਰੇ ਕਮਾਈ ਕਰਨ ਦੀ ਇੱਛਾ ਨੇ ਉਹਨਾਂ ਨੂੰ ਵਿਦੇਸਾਂ ਵਿੱਚ ਪਰਵਾਸ ਲਈ ਪ੍ਰੇਰਿਤ ਕੀਤਾ।

- ਵਿਦੇਸਾਂ ਵਿੱਚ ਰਹਿਣ-ਸਹਿਣ ਦੀਆਂ ਵਧੀਆ ਸਥਿਤੀਆਂ ਅਤੇ ਪ੍ਰਸ਼ਾਸਕੀ ਸਹੂਲਤਾਂ ਨੇ ਬਰਨਾਲਾ ਦੇ 84.62 ਪ੍ਰਤਿਸ਼ਤ, ਗੁਰਦਾਸਪੁਰ ਦੇ 83.71 ਪ੍ਰਤਿਸ਼ਤ, ਪਟਿਆਲਾ ਦੇ 83.09 ਪ੍ਰਤਿਸ਼ਤ, ਸੰਗਰੂਰ ਦੇ 82.18 ਪ੍ਰਤਿਸ਼ਤ, ਅੰਮ੍ਰਿਤਸਰ ਦੇ 82.07 ਪ੍ਰਤਿਸ਼ਤ, ਮੋਗਾ ਦੇ 79.62 ਪ੍ਰਤਿਸ਼ਤ, ਜਲੰਧਰ ਦੇ 77.37 ਪ੍ਰਤਿਸ਼ਤ, ਬਠਿੰਡਾ ਦੇ 77.12, ਹੁਸ਼ਿਆਰਪੁਰ ਦੇ 68.96 ਪ੍ਰਤਿਸ਼ਤ, ਫ਼ਿਰੋਜ਼ਪੁਰ ਦੇ 58.93 ਪ੍ਰਤਿਸ਼ਤ, ਸ੍ਰੀ ਮੁਕਤਸਰ ਸਾਹਿਬ ਦੇ 50.70 ਪ੍ਰਤਿਸ਼ਤ ਅਤੇ ਲੁਧਿਆਣਾ ਦੇ 31.19 ਪ੍ਰਤਿਸ਼ਤ ਪੇਂਡੂ ਪੰਜਾਬੀਆਂ ਨੂੰ ਪਰਵਾਸ ਕਰਨ ਲਈ ਆਕਰਸ਼ਿਤ ਕੀਤਾ।
- ਬਰਨਾਲਾ ਦੇ 19.23 ਪ੍ਰਤਿਸ਼ਤ, ਮੋਗਾ ਦੇ 18.48 ਪ੍ਰਤਿਸ਼ਤ, ਅੰਮ੍ਰਿਤਸਰ ਦੇ 16.85 ਪ੍ਰਤਿਸ਼ਤ, ਪਟਿਆਲਾ ਦੇ 15.44 ਪ੍ਰਤਿਸ਼ਤ, ਫ਼ਿਰੋਜ਼ਪੁਰ ਦੇ 13.39 ਪ੍ਰਤਿਸ਼ਤ, ਗੁਰਦਾਸਪੁਰ ਦੇ 12.92 ਪ੍ਰਤਿਸ਼ਤ, ਬਠਿੰਡਾ ਦੇ 10.46 ਪ੍ਰਤਿਸ਼ਤ, ਹੁਸ਼ਿਆਰਪੁਰ ਦੇ 9.00 ਪ੍ਰਤਿਸ਼ਤ, ਜਲੰਧਰ ਦੇ 8.49 ਪ੍ਰਤਿਸ਼ਤ, ਲੁਧਿਆਣਾ ਦੇ 6.44 ਪ੍ਰਤਿਸ਼ਤ, ਸੰਗਰੂਰ ਦੇ 4.95 ਪ੍ਰਤਿਸ਼ਤ ਅਤੇ ਸ੍ਰੀ ਮੁਕਤਸਰ ਸਾਹਿਬ ਦੇ 2.82 ਪ੍ਰਤਿਸ਼ਤ ਵਿਅਕਤੀਆਂ ਦੇ ਵਿਦੇਸਾਂ ਵਿੱਚ ਪਰਵਾਸ ਕਰਨ ਦਾ ਕਾਰਨ ਉਹਨਾਂ ਦੇ ਪਰਿਵਾਰਾਂ ਦਾ ਵਿਦੇਸਾਂ ਵਿੱਚ ਵੱਸ ਜਾਣਾ ਸੀ।
- ਬਠਿੰਡਾ, ਪਟਿਆਲਾ, ਅੰਮ੍ਰਿਤਸਰ, ਸ੍ਰੀ ਮੁਕਤਸਰ ਸਾਹਿਬ, ਗੁਰਦਾਸਪੁਰ, ਹੁਸ਼ਿਆਰਪੁਰ, ਜਲੰਧਰ, ਸੰਗਰੂਰ, ਬਰਨਾਲਾ, ਮੋਗਾ, ਲੁਧਿਆਣਾ, ਅਤੇ ਫ਼ਿਰੋਜ਼ਪੁਰ ਜ਼ਿਲ੍ਹਿਆਂ ਦੇ ਕ੍ਰਮਵਾਰ 64.71, 47.79, 39.67, 38.03, 35.39, 29.62, 27.79, 7.43, 4.62, 3.79, 3.09, ਅਤੇ 0.89 ਪ੍ਰਤਿਸ਼ਤ ਵਿਅਕਤੀਆਂ ਨੇ ਉੱਚ ਸਿੱਖਿਆ ਪ੍ਰਾਪਤ ਕਰਨ ਲਈ ਵਿਦੇਸਾਂ ਵਿੱਚ ਪਰਵਾਸ ਕੀਤਾ।

ਉਪਰੋਕਤ ਵਿਸ਼ਲੇਸ਼ਣ ਸਪੱਸ਼ਟ ਤੌਰ ਉੱਤੇ ਦਰਸਾਉਂਦਾ ਹੈ ਕਿ ਬੇਰੁਜ਼ਗਾਰੀ, ਵਿਦੇਸਾਂ ਵਿੱਚ ਬਿਹਤਰ ਰਹਿਣ-ਸਹਿਣ ਦੀਆਂ ਸਥਿਤੀਆਂ ਅਤੇ ਪ੍ਰਸ਼ਾਸਕੀ ਸਹੂਲਤਾਂ, ਵਧੇਰੇ ਕਮਾਈ ਕਰਨ ਦੀ ਇੱਛਾ, ਉੱਚ ਸਿੱਖਿਆ ਪ੍ਰਾਪਤ ਕਰਨਾ, ਸਾਥੀਆਂ ਦਾ ਦਬਾਅ ਆਦਿ ਪੇਂਡੂ ਪੰਜਾਬ ਤੋਂ ਪਰਵਾਸ ਦੇ ਮੁੱਖ ਕਾਰਨ ਹਨ। ਅਧਿਐਨ ਦੀ ਇਹ ਖੋਜ ਇੱਕ ਹੋਰ ਖੋਜ ਅਧਿਐਨ (ਕੌਰ ਅਤੇ ਬਰਾੜ, 2020) ਦੀ ਪੁਸ਼ਟੀ ਕਰਦੀ ਹੈ ਜੋ ਦਰਸਾਉਂਦੀ ਹੈ ਕਿ ਸੂਬੇ, ਖ਼ਾਸ ਕਰ ਕੇ ਕਿਸਾਨੀ ਪਰਿਵਾਰਾਂ, ਤੋਂ ਪਰਵਾਸ ਵਧ ਰਿਹਾ ਹੈ। ਇਸ ਲਈ ਪੇਂਡੂ ਪੰਜਾਬ ਤੋਂ ਕੌਮਾਂਤਰੀ ਪਰਵਾਸ ਲਈ ਰਾਜ ਵਿੱਚ ਰੁਜ਼ਗਾਰ ਦੇ ਸੀਮਤ ਮੌਕੇ, ਨੌਜਵਾਨਾਂ ਦੀਆਂ ਵਧਦੀਆਂ ਆਸ਼ਾਵਾਂ, ਉਦਾਰ ਜੀਵਨ ਸ਼ੈਲੀ ਦੀ ਵਧੇਰੇ ਸਵੀਕਾਰਤਾ, ਆਰਥਿਕ ਗਤੀਵਿਧੀਆਂ ਦਾ ਆਧੁਨਿਕੀਕਰਨ, ਇਮੀਗ੍ਰੇਸ਼ਨ ਨੈੱਟਵਰਕ ਦੀ ਤੀਬਰਤਾ, ਵਿਦੇਸਾਂ ਵਿੱਚ ਉੱਚ ਸਿੱਖਿਆ ਦੀ ਪ੍ਰਾਪਤੀ ਆਦਿ ਵਰਗੇ ਮਹੱਤਵਪੂਰਨ ਤੱਤ ਜ਼ਿੰਮੇਵਾਰ ਹਨ।

ਵਿਦੇਸਾਂ ਵਿੱਚ ਪਰਵਾਸ ਕਰਨ ਲਈ ਪੰਜਾਬ ਦੇ ਚੁਣੇ ਗਏ ਜ਼ਿਲ੍ਹਿਆਂ ਦੇ ਪਰਵਾਸੀਆਂ ਦੁਆਰਾ ਕੀਤੇ ਗਏ ਖ਼ਰਚਿਆਂ ਦੇ ਅੰਕੜੇ ਸਾਰਨੀ 13 ਵਿੱਚ ਪੇਸ਼ ਕੀਤੇ ਗਏ ਹਨ। ਇਹ ਸਾਰਨੀ ਦਰਸਾਉਂਦੀ ਹੈ ਕਿ ਪੰਜਾਬ ਦੇ ਚੁਣੇ ਗਏ ਜ਼ਿਲ੍ਹਿਆਂ ਵਿੱਚ ਪਰਵਾਸੀਆਂ ਦੁਆਰਾ ਕੀਤੇ ਗਏ ਖ਼ਰਚਿਆਂ ਦੇ ਪੈਟਰਨ ਵਿੱਚ ਬਖੇਰਵੇਂ ਹਨ। ਇਹ ਸਾਰਨੀ ਦਰਸਾਉਂਦੀ ਹੈ ਕਿ ਪਰਵਾਸੀਆਂ ਦਾ ਸਭ ਤੋਂ ਵੱਧ ਅਨੁਪਾਤ ਨੇ ਫ਼ਿਰੋਜ਼ਪੁਰ (48.21 ਪ੍ਰਤਿਸ਼ਤ), ਸੰਗਰੂਰ (36.63 ਪ੍ਰਤਿਸ਼ਤ), ਬਰਨਾਲਾ (33.85 ਪ੍ਰਤਿਸ਼ਤ), ਗੁਰਦਾਸਪੁਰ (28.09 ਪ੍ਰਤਿਸ਼ਤ), ਪਟਿਆਲਾ (27.21 ਪ੍ਰਤਿਸ਼ਤ) ਅਤੇ ਮੋਗਾ (25.71 ਪ੍ਰਤਿਸ਼ਤ) ਵਿੱਚ ਵਿਦੇਸ ਜਾਣ ਲਈ 15 ਤੋਂ 20 ਲੱਖ ਰੁਪਏ ਖ਼ਰਚ ਕੀਤੇ।ਅੰਮ੍ਰਿਤਸਰ (26.09 ਪ੍ਰਤਿਸ਼ਤ) ਅਤੇ ਬਠਿੰਡਾ (30.72 ਪ੍ਰਤਿਸ਼ਤ) ਜ਼ਿਲ੍ਹਿਆਂ ਵਿੱਚ ਬਹੁਤੇ ਪਰਵਾਸੀਆਂ ਨੇ 20 ਤੋਂ 25 ਲੱਖ ਰੁਪਏ ਇਸ ਮੰਤਵ ਲਈ ਖ਼ਰਚੇ।

ਸਾਰਨੀ 13: ਪਰਵਾਸ ਲਈ ਕੀਤੇ ਖ਼ਰਚਿਆਂ ਦਾ ਜ਼ਿਲ੍ਹਾ-ਵਾਰ ਵੇਰਵਾ

| ਚੁਣੇ ਹੋਏ ਜ਼ਿਲ੍ਹੇ | ਖ਼ਰਚ (ਲੱਖ, ਰੁਪਇਆਂ ਵਿੱਚ) | | | | | | | |
|---|---|---|---|---|---|---|---|---|
| | 5 ਤੋਂ ਘੱਟ | 5-10 | 10-15 | 15-20 | 20-25 | 25-30 | 30 ਜਾਂ ਵੱਧ | ਕੁੱਲ |
| ਅੰਮ੍ਰਿਤਸਰ | 30 (16.30) | 43 (23.37) | 7 (3.80) | 42 (22.83) | 48 (26.09) | 14 (7.61) | 0 (0.00) | 184 (100.00) |
| ਬਰਨਾਲਾ | 19 (14.62) | 24 (18.46) | 10 (7.69) | 44 (33.85) | 25 (19.23) | 2 (1.53) | 6 (4.62) | 130 (100.00) |
| ਬਠਿੰਡਾ | 31 (20.26) | 9 (5.88) | 3 (1.96) | 45 (29.41) | 47 (30.72) | 11 (7.19) | 7 (4.58) | 153 (100.00) |
| ਫ਼ਿਰੋਜ਼ਪੁਰ | 13 (11.61) | 14 (12.50) | 8 (7.14) | 54 (48.21) | 19 (16.96) | 1 (0.89) | 3 (2.69) | 112 (100.00) |
| ਗੁਰਦਾਸਪੁਰ | 15 (8.43) | 45 (25.28) | 21 (11.80) | 50 (28.09) | 43 (24.16) | 3 (1.69) | 1 (0.55) | 178 (100.00) |
| ਹੁਸ਼ਿਆਰਪੁਰ | 116 (27.49) | 71 (16.82) | 56 (13.27) | 91 (21.56) | 54 (12.80) | 21 (4.98) | 13 (3.08) | 422 (100.00) |
| ਜਲੰਧਰ | 203 (33.78) | 105 (17.47) | 84 (13.98) | 119 (19.80) | 58 (9.65) | 11 (1.83) | 21 (3.49) | 601 (100.00) |
| ਲੁਧਿਆਣਾ | 93 (23.91) | 58 (14.91) | 58 (14.91) | 91 (23.39) | 68 (17.48) | 12 (3.08) | 9 (2.32) | 389 (100.00) |
| ਮੋਗਾ | 52 (24.76) | 46 (21.90) | 29 (13.81) | 54 (25.71) | 20 (9.52) | 2 (0.97) | 7 (3.33) | 210 (100.00) |
| ਪਟਿਆਲਾ | 17 (12.50) | 12 (8.82) | 24 (17.65) | 37 (27.21) | 35 (25.74) | 7 (5.15) | 4 (2.93) | 136 (100.00) |
| ਸੰਗਰੂਰ | 24 (11.88) | 22 (10.89) | 19 (9.41) | 74 (36.63) | 49 (24.26) | 6 (2.97) | 8 (3.96) | 202 (100.00) |
| ਸ੍ਰੀ ਮੁਕਤਸਰ ਸਾਹਿਬ | 1 (1.41) | 1 (1.41) | 1 (1.41) | 12 (16.90) | 23 (32.39) | 26 (36.62) | 7 (9.86) | 71 (100.00) |

**ਸਰੋਤ:** ਫੀਲਡ ਸਰਵੇਖਣ, 2022
**ਨੋਟ:** ਬਰੈਕਟਾਂ ਵਿੱਚ ਦਿੱਤੇ ਗਏ ਅੰਕੜੇ ਪ੍ਰਤਿਸ਼ਤਤਾ ਨੂੰ ਦਰਸਾਉਂਦੇ ਹਨ।

ਜਲੰਧਰ (33.78 ਪ੍ਰਤਿਸ਼ਤ), ਹੁਸ਼ਿਆਰਪੁਰ (27.49 ਪ੍ਰਤਿਸ਼ਤ) ਅਤੇ ਲੁਧਿਆਣਾ (23.91 ਪ੍ਰਤਿਸ਼ਤ) ਜ਼ਿਲ੍ਹਿਆਂ ਵਿੱਚ ਜ਼ਿਆਦਾਤਰ ਪਰਵਾਸੀਆਂ ਨੇ ਆਪਣੇ ਪਰਵਾਸ ਲਈ 5 ਲੱਖ ਰੁਪਏ ਤੋਂ ਘੱਟ ਖ਼ਰਚ ਕੀਤੇ। ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹਾ ਵਿੱਚ ਪਰਵਾਸੀਆਂ ਦੇ ਸਭ ਤੋਂ ਵੱਧ ਹਿੱਸੇ (36.62 ਪ੍ਰਤਿਸ਼ਤ) ਨੇ 25 ਤੋਂ 30 ਲੱਖ ਰੁਪਏ ਇਸ ਮੰਤਵ ਲਈ ਖ਼ਰਚ ਕੀਤੇ। ਜ਼ਿਕਰਯੋਗ ਹੈ ਕਿ ਸ੍ਰੀ ਮੁਕਤਸਰ ਸਾਹਿਬ ਵਿੱਚ 9.86 ਪ੍ਰਤਿਸ਼ਤ, ਬਰਨਾਲਾ ਵਿੱਚ 4.62 ਪ੍ਰਤਿਸ਼ਤ, ਬਠਿੰਡਾ ਵਿੱਚ 4.58 ਪ੍ਰਤਿਸ਼ਤ, ਸੰਗਰੂਰ ਵਿੱਚ 3.96 ਪ੍ਰਤਿਸ਼ਤ, ਜਲੰਧਰ ਵਿੱਚ 3.49 ਪ੍ਰਤਿਸ਼ਤ, ਮੋਗਾ ਵਿੱਚ 3.33 ਪ੍ਰਤਿਸ਼ਤ, ਹੁਸ਼ਿਆਰਪੁਰ ਵਿੱਚ 3.08 ਪ੍ਰਤਿਸ਼ਤ, ਪਟਿਆਲਾ ਵਿੱਚ 2.93 ਪ੍ਰਤਿਸ਼ਤ, ਫ਼ਿਰੋਜ਼ਪੁਰ ਵਿੱਚ 2.69 ਪ੍ਰਤਿਸ਼ਤ, ਅਤੇ ਲੁਧਿਆਣਾ ਵਿੱਚ 2.32 ਪ੍ਰਤਿਸ਼ਤ ਵਿਅਕਤੀਆਂ ਨੂੰ ਵਿਦੇਸ ਜਾਣ ਲਈ 30 ਲੱਖ ਰੁਪਏ ਤੋਂ ਵੱਧ ਖ਼ਰਚ ਕਰਨੇ ਪਏ।

ਵਿਦੇਸਾਂ ਵਿੱਚ ਪਰਵਾਸ ਕਰਨ ਲਈ ਪੰਜਾਬ ਦੇ ਚੁਣੇ ਗਏ ਜ਼ਿਲ੍ਹਿਆਂ ਦੇ ਪਰਵਾਸੀਆਂ ਦੁਆਰਾ ਵੱਖ ਵੱਖ ਸਰੋਤਾਂ ਤੋਂ ਲਈ ਗਈ ਰਕਮ ਦੀ ਜਾਣਕਾਰੀ ਸਾਰਨੀ 14 ਵਿੱਚ ਦਿੱਤੀ ਗਈ ਹੈ। ਇਹ ਸਾਰਨੀ ਦਰਸਾਉਂਦੀ ਹੈ ਕਿ ਪਰਵਾਸੀਆਂ ਨੇ ਸਭ ਤੋਂ ਵੱਧ ਔਸਤਨ ਰਕਮ 2319718.31 ਰੁਪਏ ਸ੍ਰੀ ਮੁਕਤਸਰ ਸਾਹਿਬ ਵਿੱਚ ਵਿਦੇਸ ਜਾਣ ਲਈ ਖ਼ਰਚ ਕੀਤੇ। ਇਸ ਤੋਂ ਬਾਅਦ ਕ੍ਰਮਵਾਰ ਸੰਗਰੂਰ ਵਿੱਚ 1601980.20 ਰੁਪਏ, ਬਠਿੰਡਾ ਵਿੱਚ 1580784.31 ਰੁਪਏ, ਪਟਿਆਲੇ ਵਿੱਚ 1521029.41 ਰੁਪਏ, ਫ਼ਿਰੋਜ਼ਪੁਰ ਵਿੱਚ 1462500.00 ਰੁਪਏ, ਗੁਰਦਾਸਪੁਰ ਵਿੱਚ 1407303.37 ਰੁਪਏ, ਬਰਨਾਲਾ ਵਿੱਚ 1359615.38 ਰੁਪਏ, ਅੰਮ੍ਰਿਤਸਰ ਵਿੱਚ 1335054.35 ਰੁਪਏ, ਲੁਧਿਆਣਾ ਵਿੱਚ 1219408.74 ਰੁਪਏ, ਹੁਸ਼ਿਆਰਪੁਰ ਵਿੱਚ 1179549.76 ਰੁਪਏ,

ਮੋਗਾ ਵਿੱਚ 1152380.95 ਰੁਪਏ, ਅਤੇ ਜਲੰਧਰ ਵਿੱਚ 1036955.07 ਰੁਪਏ ਵਿਦੇਸ ਜਾਣ ਲਈ ਖ਼ਰਚ ਕੀਤੇ ਗਏ।

ਜਿੱਥੋਂ ਤੱਕ ਫੰਡਾਂ ਦੇ ਸਰੋਤਾਂ ਦਾ ਸੰਬੰਧ ਹੈ, ਕੁੱਲ ਖ਼ਰਚ ਦੀ ਸਭ ਤੋਂ ਵੱਧ ਪ੍ਰਤਿਸ਼ਤਤਾ ਫ਼ਿਰੋਜ਼ਪੁਰ, ਸੰਗਰੂਰ, ਲੁਧਿਆਣਾ, ਮੋਗਾ, ਹੁਸ਼ਿਆਰਪੁਰ, ਜਲੰਧਰ, ਪਟਿਆਲਾ, ਬਰਨਾਲਾ, ਅਤੇ ਗੁਰਦਾਸਪੁਰ ਜ਼ਿਲ੍ਹਿਆਂ ਵਿੱਚ ਪਰਵਾਸੀਆਂ ਦੇ ਪਰਿਵਾਰਾਂ ਦੀ ਬੱਚਤ ਤੋਂ ਆਈ। ਇਸ ਸਰੋਤ ਨੇ ਇਹਨਾਂ ਜ਼ਿਲ੍ਹਿਆਂ ਵਿੱਚ ਕੁੱਲ ਖ਼ਰਚ ਵਿੱਚ ਕ੍ਰਮਵਾਰ 52.56, 50.62, 48.97, 47.89, 43.51, 43.27, 37.78, 29.03, ਅਤੇ 28.82 ਪ੍ਰਤਿਸ਼ਤ ਦਾ ਯੋਗਦਾਨ ਪਾਇਆ। ਅਸੀਂ ਪ੍ਰਵਾਸੀਆਂ ਦੇ ਪਰਿਵਾਰਾਂ ਦੁਆਰਾ ਰਿਪੋਰਟ ਕੀਤੇ ਅਨੁਸਾਰ ਬੱਚਤ ਦੇ ਇਹ ਅੰਕੜੇ ਲਏ ਹਨ। ਅਸਲ ਵਿੱਚ ਪੰਜਾਬ ਦੇ ਪੇਂਡੂ ਖੇਤਰਾਂ ਵਿੱਚ ਰਹਿਣ ਵਾਲ਼ੇ ਲੋਕ, ਖ਼ਾਸ ਕਰ ਕੇ ਕਿਸਾਨ, ਮੁਕਾਬਲਤਨ ਘੱਟ ਵਿਆਜ ਦਰ ਉੱਤੇ ਉਧਾਰ ਦੀ ਸਹੂਲਤ ਪ੍ਰਾਪਤ ਕਰਨ ਲਈ ਵੱਖ ਵੱਖ ਸੰਸਥਾਵਾਂ ਤੋਂ ਆਪਣੀਆਂ ਜਾਇਦਾਦਾਂ ਗਿਰਵੀ ਰੱਖ ਕੇ ਬੈਂਕ ਲਿਮਿਟਾਂ ਲੈਂਦੇ ਅਤੇ ਇਹਨਾਂ ਵਿੱਚੋਂ ਜ਼ਿਆਦਾਤਰ ਆਪਣੀ ਆਮਦਨ ਅਤੇ ਬੱਚਤ ਦੀ ਗ਼ਲਤ ਤਰੀਕੇ ਨਾਲ਼ ਗਣਨਾ ਕਰਦੇ ਹਨ। ਇਸ ਤੋਂ ਬਾਅਦ ਇਹਨਾਂ ਜ਼ਿਲ੍ਹਿਆਂ ਵਿੱਚ ਪਰਵਾਸ ਲਈ ਜ਼ਮੀਨ/ਪਲਾਟ/ਗਹਿਣੇ/ਵਾਹਨ/ਜਾਨਵਰਾਂ/ਖੇਤੀਬਾੜੀ ਮਸ਼ੀਨਰੀ ਦੀ ਵਿਕਰੀ ਅਤੇ ਬੈਂਕਾਂ/ਸਹਿਕਾਰੀ ਸਭਾਵਾਂ ਤੋਂ ਲਏ ਗਏ ਉਧਾਰ ਤੋਂ ਪ੍ਰਬੰਧ ਕੀਤਾ ਗਿਆ ਸੀ।

ਸਾਰਨੀ 14: ਪਰਵਾਸੀਆਂ ਦੁਆਰਾ ਵੱਖ ਵੱਖ ਸਰੋਤਾਂ ਤੋਂ ਲਏ ਔਸਤਨ ਫੰਡਾਂ ਅਨੁਸਾਰ ਜ਼ਿਲ੍ਹਾ–ਵਾਰ ਵੰਡ (ਰੁਪਏਆਂ ਵਿੱਚ)

| ਚੁਣੇ ਹੋਏ ਜ਼ਿਲ੍ਹੇ | ਸਰੋਤ | | | | | | | | |
|---|---|---|---|---|---|---|---|---|---|
| | ਜ਼ਮੀਨ/ਪਲਾਟ/ਗਹਿਣੇ/ਵਾਹਨ/ਪਸ਼ੂ/ਖੇਤੀਬਾੜੀ ਮਸ਼ੀਨਰੀ ਦੀ ਵਿਕਰੀ | ਪਰਿਵਾਰਕ ਬੱਚਤ | ਬੈਂਕਾਂ/ਸਹਿਕਾਰੀ ਸਭਾਵਾਂ ਤੋਂ ਉਧਾਰ | ਰਿਸ਼ਤੇਦਾਰਾਂ ਤੋਂ ਕਰਜ਼ਾ/ਸਹਾਇਤਾ | ਆੜ੍ਹਤੀਏ | ਹੋਣ ਵਾਲੇ ਸਹੁਰਿਆਂ ਤੋਂ ਸਹਾਇਤਾ | ਕੌਮਾਂਤਰੀ ਪਰਵਾਸੀਆਂ ਦੁਆਰਾ ਭੇਜਿਆ ਧਨ | ਵੱਡੇ ਕਿਸਾਨ | ਕੁੱਲ |
| ਅੰਮ੍ਰਿਤਸਰ | 357065.22 (26.75) | 398641.30 (29.86) | 408695.65 (30.61) | 76630.43 (5.74) | 74456.52 (5.58) | 8695.65 (0.65) | 2717.39 (0.20) | 8152.17 (0.61) | 1335054.35 (100.00) |
| ਬਰਨਾਲਾ | 243258.43 (17.29) | 405617.98 (28.82) | 279775.28 (19.88) | 223595.51 (15.89) | 212359.55 (15.09) | 10674.16 (0.76) | 28089.89 (2.00) | 3932.58 (0.27) | 1407303.37 (100.00) |
| ਬਠਿੰਡਾ | 272511.85 (23.10) | 513199.05 (43.51) | 165853.08 (14.06) | 134620.85 (11.41) | 56398.10 (4.78) | 10900.47 (0.92) | 20616.11 (1.75) | 5450.24 (0.47) | 1179549.76 (100.00) |
| ਫ਼ਿਰੋਜ਼ਪੁਰ | 175457.57 (16.92) | 448718.80 (43.27) | 149717.14 (14.44) | 139767.05 (13.48) | 71880.20 (6.93) | 17138.10 (1.65) | 26788.69 (2.58) | 7487.52 (0.73) | 1036955.07 (100.00) |
| ਗੁਰਦਾਸਪੁਰ | 349230.77 (25.69) | 394692.31 (29.03) | 218461.54 (16.07) | 124923.08 (9.19) | 136153.85 (10.01) | 51538.46 (3.79) | 80000.00 (5.88) | 4615.38 (0.34) | 1359615.38 (100.00) |
| ਹੁਸ਼ਿਆਰਪੁਰ | 560522.88 (35.46) | 385490.20 (24.39) | 266013.07 (16.83) | 115163.40 (7.29) | 173202.61 (10.96) | 64052.29 (4.05) | 9803.92 (0.62) | 6535.95 (0.40) | 1580784.31 (100.00) |
| ਜਲੰਧਰ | 192857.14 (13.19) | 768750.00 (52.56) | 164285.71 (11.23) | 167857.14 (11.48) | 120535.71 (8.24) | 30357.14 (2.08) | 8928.57 (0.61) | 8928.57 (0.61) | 1462500.00 (100.00) |
| ਲੁਧਿਆਣਾ | 153984.58 (12.63) | 597172.24 (48.97) | 164267.35 (13.47) | 179048.84 (14.68) | 80976.86 (6.64) | 28277.63 (2.32) | 8483.29 (0.70) | 7197.94 (0.59) | 1219408.74 (100.00) |
| ਮੋਗਾ | 136666.67 (11.86) | 551904.76 (47.89) | 160000.00 (13.88) | 130476.19 (11.32) | 94761.90 (8.22) | 31904.76 (2.77) | 22857.14 (1.98) | 23809.52 (2.08) | 1152380.95 (100.00) |
| ਪਟਿਆਲਾ | 209191.18 (13.75) | 574705.88 (37.78) | 392647.06 (25.81) | 164705.88 (10.83) | 133823.53 (8.80) | 16544.12 (1.09) | 12500.00 (0.83) | 16911.76 (1.11) | 1521029.41 (100.00) |
| ਸੰਗਰੂਰ | 284158.42 (17.74) | 810891.09 (50.62) | 199009.90 (12.42) | 176732.67 (11.03) | 89603.96 (5.59) | 12871.29 (0.80) | 16831.68 (1.06) | 11881.19 (0.74) | 1601980.20 (100.00) |
| ਸ੍ਰੀ ਮੁਕਤਸਰ ਸਾਹਿਬ | 915492.96 (39.47) | 608450.70 (26.23) | 298591.55 (12.87) | 102816.90 (4.43) | 312676.06 (13.48) | 56338.03 (2.43) | 0.00 (0.00) | 25352.11 (1.09) | 2319718.31 (100.00) |

**ਸਰੋਤ:** ਫੀਲਡ ਸਰਵੇਖਣ, 2022

**ਨੋਟ:** ਬਰੈਕਟਾਂ ਵਿੱਚ ਦਿੱਤੇ ਗਏ ਅੰਕੜੇ ਪ੍ਰਤਿਸ਼ਤਤਾ ਨੂੰ ਦਰਸਾਉਂਦੇ ਹਨ।

ਅੰਮ੍ਰਿਤਸਰ ਜ਼ਿਲ੍ਹਾ ਵਿੱਚ ਕੁੱਲ ਖ਼ਰਚ ਦਾ ਸਭ ਤੋਂ ਵੱਧ ਹਿੱਸਾ ਬੈਂਕਾਂ/ਸਹਿਕਾਰੀ ਸਭਾਵਾਂ (30.61 ਪ੍ਰਤਿਸ਼ਤ) ਤੋਂ ਲਏ ਗਏ ਉਧਾਰ ਤੋਂ ਆਇਆ ਹੈ, ਇਸ ਤੋਂ ਬਾਅਦ ਪਰਿਵਾਰਕ ਬੱਚਤਾਂ (29.86 ਪ੍ਰਤਿਸ਼ਤ) ਅਤੇ ਜ਼ਮੀਨ/ਪਲਾਟ/ਗਹਿਣੇ/ਵਾਹਨ/ਜਾਨਵਰਾਂ/ਖੇਤੀਬਾੜੀ ਮਸ਼ੀਨਰੀ (26.75 ਪ੍ਰਤਿਸ਼ਤ) ਦੀ ਵਿਕਰੀ ਤੋਂ ਆਇਆ ਹੈ। ਸ੍ਰੀ ਮੁਕਤਸਰ ਸਾਹਿਬ ਅਤੇ ਬਠਿੰਡਾ ਜ਼ਿਲ੍ਹਿਆਂ ਵਿੱਚ ਪਰਵਾਸੀਆਂ ਦੇ ਪਰਿਵਾਰਾਂ ਨੂੰ ਕੌਮਾਂਤਰੀ ਪਰਵਾਸ ਲਈ ਆਪਣੀ ਜ਼ਮੀਨ/ਪਲਾਟ/ਗਹਿਣੇ/ਵਾਹਨ/ਜਾਨਵਰਾਂ/ਖੇਤੀਬਾੜੀ ਮਸ਼ੀਨਰੀ ਵੀ ਵੇਚਣੀ ਪਈ। ਇਸ ਸਰੋਤ ਨੇ ਇਹਨਾਂ ਜ਼ਿਲ੍ਹਿਆਂ ਵਿੱਚ ਪਰਵਾਸ ਦੇ ਕੁੱਲ ਖ਼ਰਚ ਵਿੱਚ ਕ੍ਰਮਵਾਰ 39.47 ਅਤੇ 35.46 ਪ੍ਰਤਿਸ਼ਤ ਦਾ ਯੋਗਦਾਨ ਪਾਇਆ। ਇਸ ਤੋਂ ਬਾਅਦ ਪਰਿਵਾਰਕ ਬੱਚਤ (ਸ੍ਰੀ ਮੁਕਤਸਰ ਸਾਹਿਬ ਵਿੱਚ 26.23 ਪ੍ਰਤਿਸ਼ਤ ਅਤੇ ਬਠਿੰਡਾ ਵਿੱਚ 24.39 ਪ੍ਰਤਿਸ਼ਤ) ਅਤੇ ਬੈਂਕਾਂ/ਸਹਿਕਾਰੀ ਸਭਾਵਾਂ ਤੋਂ ਲਿਆ ਗਿਆ ਉਧਾਰ (ਸ੍ਰੀ ਮੁਕਤਸਰ ਸਾਹਿਬ ਵਿੱਚ 12.87 ਪ੍ਰਤਿਸ਼ਤ ਅਤੇ ਬਠਿੰਡਾ ਵਿੱਚ 16.83 ਪ੍ਰਤਿਸ਼ਤ) ਸੀ।

ਪਰਵਾਸ ਉਹਨਾਂ ਪਰਿਵਾਰਾਂ ਲਈ ਸਕਾਰਾਤਮਕ ਅਨੁਭਵ ਬਣ ਸਕਦਾ ਹੈ ਜਿਹਨਾਂ ਦੇ ਪਰਵਾਸੀ ਮੈਂਬਰ ਵਿਦੇਸਾਂ ਵਿੱਚ ਦਿਹਾੜੀ/ਮਜ਼ਦੂਰੀ ਕਰ ਕੇ ਕੀਤੀ ਕਮਾਈ ਤੋਂ ਆਪਣੇ ਖ਼ਰਚ ਕੱਢਣ ਤੋਂ ਬਾਅਦ ਆਪਣੇ ਪਰਿਵਾਰਾਂ ਨੂੰ ਪੈਸੇ ਭੇਜਣਾ ਸ਼ੁਰੂ ਕਰਦੇ ਹਨ। ਇਸ ਵਿੱਚ ਮੂਲ ਦੇਸ ਵਿੱਚ ਪਰਵਾਸੀਆਂ ਦੁਆਰਾ ਕੀਤੇ ਗਏ ਨਿਵੇਸ਼, ਜਮ੍ਹਾਂ ਰਾਸ਼ੀ, ਅਤੇ ਦਾਨ ਵੀ ਸ਼ਾਮਲ ਹੋ ਸਕਦੇ ਹਨ (ਓ.ਐੱਸ.ਸੀ.ਈ., ਆਈ.ਓ.ਐੱਮ., ਆਈ.ਐੱਲ.ਓ., 2006)। ਸਾਰਨੀ 15 ਦਰਸਾਉਂਦੀ ਹੈ ਕਿ ਜਲੰਧਰ ਵਿੱਚ ਪਰਵਾਸੀਆਂ ਦੀ ਸਭ ਤੋਂ ਵੱਧ ਪ੍ਰਤਿਸ਼ਤਤਾ (82.86) ਨੇ ਆਪਣੇ ਪਰਿਵਾਰਾਂ ਨੂੰ ਪੈਸੇ ਭੇਜੇ, ਇਸ ਤੋਂ ਬਾਅਦ ਇਹ ਰਕਮ ਹੁਸ਼ਿਆਰਪੁਰ ਵਿੱਚ 80.57, ਅੰਮ੍ਰਿਤਸਰ ਵਿੱਚ 64.67, ਮੋਗਾ ਵਿੱਚ 63.81, ਫ਼ਿਰੋਜ਼ਪੁਰ ਵਿੱਚ 62.50, ਲੁਧਿਆਣਾ ਵਿੱਚ 58.87, ਬਠਿੰਡਾ ਵਿੱਚ 54.59, ਸੰਗਰੂਰ ਵਿੱਚ 54.46, ਬਰਨਾਲਾ ਵਿੱਚ 52.31, ਪਟਿਆਲਾ ਵਿੱਚ 45.59, ਗੁਰਦਾਸਪੁਰ ਵਿੱਚ 28.65 ਅਤੇ ਸ੍ਰੀ ਮੁਕਤਸਰ ਸਾਹਿਬ ਵਿੱਚ 11.27 ਪ੍ਰਤਿਸ਼ਤ ਆਂਕੀ ਗਈ।

ਮੌਜੂਦਾ ਖੋਜ ਅਧਿਐਨ ਦਾ ਇੱਕ ਧਿਆਨ ਦੇਣ ਯੋਗ ਦੁੱਖਦਾਈ ਪੱਖ ਇਹ ਹੈ ਕਿ ਸ੍ਰੀ ਮੁਕਤਸਰ ਸਾਹਿਬ (88.73 ਪ੍ਰਤਿਸ਼ਤ) ਅਤੇ ਗੁਰਦਾਸਪੁਰ (71.35 ਪ੍ਰਤਿਸ਼ਤ) ਜ਼ਿਲ੍ਹਿਆਂ ਦੇ ਦੋ-ਤਿਹਾਈ ਤੋਂ ਵੱਧ ਪਰਵਾਸੀਆਂ ਨੇ ਆਪਣੇ ਪਰਿਵਾਰਾਂ ਨੂੰ ਰੈਮਿਟੈਂਸ ਵਜੋਂ ਕੋਈ ਵੀ ਰਕਮ ਨਹੀਂ ਭੇਜੀ।

ਸਾਰਨੀ 15: ਕੌਮਾਂਤਰੀ ਪਰਵਾਸੀਆਂ ਦੁਆਰਾ ਆਪਣੇ ਪਰਿਵਾਰਾਂ ਨੂੰ ਭੇਜੇ ਧਨ ਦਾ ਜ਼ਿਲ੍ਹਾ-ਵਾਰ ਵੇਰਵਾ

| ਵਿਵਰਨ | ਚੁਣੇ ਹੋਏ ਜ਼ਿਲ੍ਹੇ | | | | | | | | | | | |
|---|---|---|---|---|---|---|---|---|---|---|---|---|
| | ਅੰਮ੍ਰਿਤਸਰ | ਬਰਨਾਲਾ | ਬਠਿੰਡਾ | ਫ਼ਿਰੋਜ਼ਪੁਰ | ਗੁਰਦਾਸਪੁਰ | ਹੁਸ਼ਿਆਰਪੁਰ | ਜਲੰਧਰ | ਲੁਧਿਆਣਾ | ਮੋਗਾ | ਪਟਿਆਲਾ | ਸੰਗਰੂਰ | ਸ੍ਰੀ ਮੁਕਤਸਰ ਸਾਹਿਬ |
| ੳ) ਕੀ ਪਰਿਵਾਰਾਂ ਨੂੰ ਕੋਈ ਧਨ ਪ੍ਰਾਪਤ ਹੋਇਆ ? | | | | | | | | | | | | |
| ਹਾਂ | 119 (64.67) | 68 (5231) | 82 (53.29) | 70 (62.50) | 51 (28.65) | 340 (80.57) | 498 (82.86) | 229 (58.87) | 134 (63.81) | 62 (45.59) | 110 (54.46) | 8 (11.27) |
| ਨਹੀਂ | 65 (35.33) | 62 (47.69) | 71 (46.41) | 42 (37.50) | 127 (71.35) | 82 (19.43) | 103 (17.14) | 160 (41.13) | 76 (36.19) | 74 (54.41) | 92 (45.54) | 63 (88.73) |
| ਕੁੱਲ | 184 (100.00) | 130 (100.00) | 153 (100.00) | 112 (100.00) | 178 (100.00) | 422 (100.00) | 601 (100.00) | 389 (100.00) | 210 (100.00) | 136 (100.00) | 202 (100.00) | 71 (100.00) |
| ਅ) ਪਰਵਾਸੀਆਂ ਦੀ ਰਕਮ ਅਨੁਸਾਰ ਵੰਡ (ਰੁਪਇਆਂ ਵਿੱਚ) | | | | | | | | | | | | |
| 1,00,000 ਤੋਂ ਘੱਟ | 4 (3.36) | 1 (1.47) | 3 (3.66) | 5 (7.14) | 2 (3.92) | 1 (0.29) | 11 (2.21) | 5 (2.18) | 11 (8.21) | 5 (8.06) | 1 (0.91) | 0 (0.00) |
| 1,00.000 – 2,00,000 | 5 (4.20) | 4 (5.89) | 6 (7.32) | 8 (11.43) | 3 (5.88) | 16 (4.71) | 70 (14.06) | 5 (2.18) | 10 (7.46) | 5 (8.06) | 7 (6.36) | 0 (0.00) |
| 2,00,000 – 3,00,000 | 10 (8.40) | 7 (10.29) | 18 (21.95) | 17 (24.29) | 2 (3.92) | 54 (15.88) | 165 (33.13) | 45 (19.65) | 24 (17.91) | 3 (4.84) | 17 (15.45) | 0 (0.00) |
| 3,00,000 - 4,00,000 | 9 (7.56) | 7 (10.29) | 9 (10.98) | 10 (14.29) | 5 (9.80) | 93 (27.35) | 121 (24.30) | 43 (18.78) | 22 (16.42) | 7 (11.29) | 19 (17.27) | 0 (0.00) |
| 4,00,000 – 5,00,000 | 30 (25.21) | 5 (7.35) | 8 (9.76) | 5 (7.14) | 12 (23.53) | 29 (8.53) | 36 (7.23) | 53 (23.14) | 19 (14.18) | 3 (4.84) | 14 (12.73) | 2 (25.00) |
| 5,00,000 – 6,00,000 | 13 (10.92) | 16 (23.53) | 21 (25.61) | 7 (10.00) | 9 (17.65) | 64 (18.82) | 61 (12.25) | 25 (10.92) | 7 (5.22) | 18 (29.03) | 9 (8.18) | 6 (75.00) |
| 6,00,000 – 7,00,000 | 19 (15.97) | 0 (0.00) | 0 (0.00) | 1 (1.42) | 10 (19.61) | 9 (2.65) | 3 (0.60) | 14 (6.11) | 1 (0.75) | 3 (4.84) | 6 (5.45) | 0 (0.00) |
| 7,00,000 – 8,00,000 | 1 (0.84) | 0 (0.00) | 2 (2.43) | 3 (4.29) | 2 (3.92) | 7 (2.06) | 4 (0.80) | 3 (1.31) | 3 (2.24) | 2 (3.23) | 0 (0.00) | 0 (0.00) |
| 8,00,000 – 9,00,000 | 2 (1.69) | 2 (2.94) | 3 (3.66) | 5 (7.14) | 2 (3.92) | 6 (1.77) | 2 (0.40) | 0 (0.00) | 0 (0.00) | 0 (0.00) | 4 (3.64) | 0 (0.00) |
| 9,00,000 – 10,00,000 | 17 (14.29) | 0 (0.00) | 0 (0.00) | 0 (0.00) | 1 (1.97) | 2 (0.59) | 0 (0.00) | 1 (0.45) | 0 (0.00) | 0 (0.00) | 2 (1.83) | 0 (0.00) |
| 10,00,000 ਅਤੇ ਵੱਧ | 9 (7.56) | 26 (38.24) | 12 (14.63) | 9 (12.86) | 3 (5.88) | 59 (17.35) | 25 (5.02) | 35 (15.28) | 37 (27.61) | 16 (25.81) | 31 (28.18) | 0 (0.00) |
| ਕੁੱਲ | 119 .(100.00) | 68 (100.00) | 82 (100.00) | 70 (100.00) | 51 (100.00) | 340 (100.00) | 498 (100.00) | 229 (100.00) | 134 (100.00) | 62 (100.00) | 110 (100.00) | 8 (100.00) |

**ਸਰੋਤ**: ਫੀਲਡ ਸਰਵੇਖਣ, 2022
**ਨੋਟ**: ਬਰੈਕਟਾਂ ਵਿੱਚ ਦਿੱਤੇ ਗਏ ਅੰਕੜੇ ਪ੍ਰਤਿਸ਼ਤਤਾ ਨੂੰ ਦਰਸਾਉਂਦੇ ਹਨ।

ਸਾਰਨੀ 15 ਅੱਗੇ ਦਰਸਾਉਂਦੀ ਹੈ ਕਿ ਕੁੱਲ ਪਰਵਾਸੀਆਂ ਜਿਹਨਾਂ ਨੇ ਆਪਣੇ ਪਰਿਵਾਰਾਂ ਨੂੰ ਪੈਸੇ ਭੇਜੇ, ਉਹਨਾਂ ਨੇ ਜਲੰਧਰ (80.93 ਪ੍ਰਤਿਸ਼ਤ), ਲੁਧਿਆਣਾ (65.93 ਪ੍ਰਤਿਸ਼ਤ), ਫ਼ਿਰੋਜ਼ਪੁਰ (64.29 ਪ੍ਰਤਿਸ਼ਤ), ਮੋਗਾ (64.18 ਪ੍ਰਤਿਸ਼ਤ), ਹੁਸ਼ਿਆਰਪੁਰ (56.76 ਪ੍ਰਤਿਸ਼ਤ), ਬਠਿੰਡਾ (53.67 ਪ੍ਰਤਿਸ਼ਤ), ਸੰਗਰੂਰ (52.72 ਪ੍ਰਤਿਸ਼ਤ), ਅੰਮ੍ਰਿਤਸਰ (48.73 ਪ੍ਰਤਿਸ਼ਤ) ਅਤੇ ਗੁਰਦਾਸਪੁਰ (47.05 ਪ੍ਰਤਿਸ਼ਤ) ਜ਼ਿਲ੍ਹਿਆਂ ਵਿੱਚ ਆਪਣੇ ਪਰਿਵਾਰਾਂ ਨੂੰ 5 ਲੱਖ ਰੁਪਏ ਤੱਕ ਦੀ ਰਕਮ ਹੀ ਭੇਜੀ। ਇਸ ਤੋਂ ਇਲਾਵਾ, ਅੰਮ੍ਰਿਤਸਰ (25.21), ਗੁਰਦਾਸਪੁਰ (23.53), ਅਤੇ ਲੁਧਿਆਣਾ (23.14) ਜ਼ਿਲ੍ਹਿਆਂ ਦੇ ਪਰਵਾਸੀਆਂ ਦੀ ਸਭ ਤੋਂ ਵੱਧ ਪ੍ਰਤਿਸ਼ਤਤਾ ਨੇ 4 ਤੋਂ 5 ਲੱਖ ਰੁਪਏ ਦੇ ਦਰਮਿਆਨ ਰਕਮ ਆਪਣੇ ਪਰਿਵਾਰਾਂ ਨੂੰ ਭੇਜੀ, ਜਦੋਂ ਕਿ ਬਠਿੰਡਾ (38.24), ਸੰਗਰੂਰ (28.18), ਅਤੇ ਮੋਗਾ (27.61) ਜ਼ਿਲ੍ਹਿਆਂ ਦੇ ਪਰਵਾਸੀਆਂ ਦੀ ਸਭ ਤੋਂ ਵੱਧ ਪ੍ਰਤਿਸ਼ਤ ਨੇ ਆਪਣੇ ਪਰਿਵਾਰਾਂ ਨੂੰ 5 ਤੋਂ 6 ਲੱਖ ਰੁਪਏ ਦੇ ਵਿਚਕਾਰ ਰਕਮ ਭੇਜੀ। ਜਲੰਧਰ ਜ਼ਿਲ੍ਹਾ ਵਿੱਚ ਇੱਕ-ਤਿਹਾਈ ਤੋਂ ਥੋੜ੍ਹਾ ਘੱਟ (33.13 ਪ੍ਰਤਿਸ਼ਤ) ਅਤੇ ਫ਼ਿਰੋਜ਼ਪੁਰ ਜ਼ਿਲ੍ਹਾ ਵਿੱਚ 24.29 ਪ੍ਰਤਿਸ਼ਤ ਪਰਵਾਸੀਆਂ ਨੇ ਆਪਣੇ ਪਰਿਵਾਰਾਂ ਨੂੰ 2 ਤੋਂ 3 ਲੱਖ ਰੁਪਏ ਦੇ ਦਰਮਿਆਨ ਰਕਮ ਭੇਜੀ, ਜਦੋਂ ਕਿ ਹੁਸ਼ਿਆਰਪੁਰ ਜ਼ਿਲ੍ਹਾ ਦੇ 27.35 ਪ੍ਰਤਿਸ਼ਤ ਪਰਵਾਸੀਆਂ ਨੇ 3 ਤੋਂ 4 ਲੱਖ ਦੇ ਵਿਚਕਾਰ ਰਕਮ ਭੇਜੀ। ਇਸਦੇ ਨਾਲ਼ ਹੀ ਬਰਨਾਲਾ (38.24 ਪ੍ਰਤਿਸ਼ਤ), ਸੰਗਰੂਰ (28.18 ਪ੍ਰਤਿਸ਼ਤ) ਅਤੇ ਮੋਗਾ (27.61 ਪ੍ਰਤਿਸ਼ਤ) ਜ਼ਿਲ੍ਹਿਆਂ ਦੇ ਪਰਵਾਸੀਆਂ ਨੇ ਆਪਣੇ ਪਰਿਵਾਰਾਂ ਨੂੰ 10 ਲੱਖ ਜਾਂ ਇਸ ਤੋਂ ਵੱਧ ਦੀ ਰਕਮ ਭੇਜੀ।

ਪਰਵਾਸ ਦੀ ਉੱਚੀ ਲਾਗਤ ਅਤੇ ਪਰਵਾਸੀਆਂ ਵੱਲੋਂ ਆਪਣੇ ਪਰਿਵਾਰਾਂ ਨੂੰ ਘੱਟ ਪੈਸੇ ਭੇਜਣ ਕਾਰਨ ਬਹੁਤ ਸਾਰੇ ਪਰਿਵਾਰ, ਜਿਵੇਂ ਕਿ ਗੁਰਦਾਸਪੁਰ ਵਿੱਚ 91.01 ਪ੍ਰਤਿਸ਼ਤ, ਅੰਮ੍ਰਿਤਸਰ ਵਿੱਚ 89.13 ਪ੍ਰਤਿਸ਼ਤ, ਸ੍ਰੀ ਮੁਕਤਸਰ ਸਾਹਿਬ ਵਿੱਚ 78.87 ਪ੍ਰਤਿਸ਼ਤ, ਪਟਿਆਲਾ ਵਿੱਚ 75.74 ਪ੍ਰਤਿਸ਼ਤ, ਬਠਿੰਡਾ ਵਿੱਚ 74.51 ਪ੍ਰਤਿਸ਼ਤ, ਫ਼ਿਰੋਜ਼ਪੁਰ ਵਿੱਚ 66.96 ਪ੍ਰਤਿਸ਼ਤ, ਬਰਨਾਲਾ ਵਿੱਚ 64.62 ਪ੍ਰਤਿਸ਼ਤ, ਸੰਗਰੂਰ ਵਿੱਚ 62.87 ਪ੍ਰਤਿਸ਼ਤ, ਜਲੰਧਰ ਵਿੱਚ 62.40 ਪ੍ਰਤਿਸ਼ਤ, ਮੋਗਾ ਵਿੱਚ 58.57 ਪ੍ਰਤਿਸ਼ਤ, ਹੁਸ਼ਿਆਰਪੁਰ ਵਿੱਚ 56.87 ਪ੍ਰਤਿਸ਼ਤ, ਅਤੇ ਲੁਧਿਆਣਾ ਵਿੱਚ 54.76 ਪ੍ਰਤਿਸ਼ਤ ਕਰਜ਼ੇ ਹੇਠ ਸਨ (ਸਾਰਨੀ 16)। ਕਰਜ਼ਈ ਪਰਿਵਾਰਾਂ ਵਿੱਚੋਂ ਸਭ ਤੋਂ ਵੱਧ ਅੰਮ੍ਰਿਤਸਰ ਵਿੱਚ 46.74 ਪ੍ਰਤਿਸ਼ਤ, ਗੁਰਦਾਸਪੁਰ ਵਿੱਚ 30.34 ਪ੍ਰਤਿਸ਼ਤ, ਜਲੰਧਰ ਵਿੱਚ 29.95 ਪ੍ਰਤਿਸ਼ਤ, ਬਠਿੰਡਾ ਵਿੱਚ 27.45 ਪ੍ਰਤਿਸ਼ਤ, ਫ਼ਿਰੋਜ਼ਪੁਰ ਵਿੱਚ 26.79 ਪ੍ਰਤਿਸ਼ਤ, ਬਰਨਾਲਾ ਵਿੱਚ 22.31 ਪ੍ਰਤਿਸ਼ਤ, ਹੁਸ਼ਿਆਰਪੁਰ ਵਿੱਚ 22.27 ਪ੍ਰਤਿਸ਼ਤ, ਅਤੇ ਮੋਗਾ ਵਿੱਚ 21.43 ਪ੍ਰਤਿਸ਼ਤ ਪਰਿਵਾਰਾਂ ਉੱਤੇ 5 ਲੱਖ ਰੁਪਏ ਤੱਕ ਦਾ ਕਰਜ਼ਾ ਸੀ। ਸ੍ਰੀ ਮੁਕਤਸਰ ਸਾਹਿਬ (23.94 ਪ੍ਰਤਿਸ਼ਤ), ਸੰਗਰੂਰ (23.27 ਪ੍ਰਤਿਸ਼ਤ), ਅਤੇ ਲੁਧਿਆਣਾ (18.77 ਪ੍ਰਤਿਸ਼ਤ) ਜ਼ਿਲ੍ਹਿਆਂ ਵਿੱਚ ਸਭ ਤੋਂ ਵੱਧ ਪਰਿਵਾਰਾਂ ਉੱਤੇ 5 ਤੋਂ 10 ਲੱਖ ਰੁਪਏ ਦਾ ਕਰਜ਼ਾ ਪਾਇਆ ਗਿਆ। ਪਟਿਆਲਾ ਜ਼ਿਲ੍ਹਾ ਵਿੱਚ ਸਭ ਤੋਂ ਵੱਧ ਪਰਿਵਾਰ ਭਾਵ 22.06 ਪ੍ਰਤਿਸ਼ਤ ਦੇ ਸਿਰ 10 ਤੋਂ 15 ਲੱਖ ਰੁਪਏ ਦੇ ਦਰਮਿਆਨ ਕਰਜ਼ਾ ਸੀ।

**ਸਾਰਨੀ 16: ਕੌਮਾਂਤਰੀ ਪਰਵਾਸੀਆਂ ਦੇ ਪਰਿਵਾਰਾਂ ਸਿਰ ਕਰਜ਼ੇ ਦਾ ਜ਼ਿਲ੍ਹਾ-ਵਾਰ ਭਾਰ**

| ਚੁਣੇ ਹੋਏ ਜ਼ਿਲ੍ਹੇ | ਕਰਜ਼ਈ ਪਰਿਵਾਰ | ਰਕਮ (ਲੱਖ ਰੁਪਇਆਂ ਵਿੱਚ) | | | | | | |
|---|---|---|---|---|---|---|---|---|
| | | ਸਿਫਰ | 5 ਤੋਂ ਘੱਟ | 5-10 | 10-15 | 15-20 | 20 ਜਾਂ ਵੱਧ | ਕੁੱਲ |
| ਅੰਮ੍ਰਿਤਸਰ | 164 (89.13) | 20 (10.87) | 86 (46.74) | 32 (17.39) | 29 (15.76) | 17 (9.24) | 0 (0.00) | 184 (100.00) |
| ਬਰਨਾਲਾ | 84 (64.62) | 46 (35.38) | 29 (22.31) | 25 (19.23) | 18 (13.85) | 7 (5.38) | 5 (3.85) | 130 (100.00) |
| ਬਠਿੰਡਾ | 114 | 39 | 42 | 23 | 29 | 18 | 2 | 153 |

| | | | | | | | | |
|---|---|---|---|---|---|---|---|---|
| | (74.51) | (25.49) | (27.45) | (15.03) | (18.95) | (11.76) | (1.32) | (100.00) |
| ਫ਼ਿਰੋਜ਼ਪੁਰ | 75<br>(66.96) | 37<br>(33.04) | 30<br>(26.79) | 26<br>(23.21) | 15<br>(13.39) | 2<br>(1.79) | 2<br>(1.78) | 112<br>(100.00) |
| ਗੁਰਦਾਸਪੁਰ | 162<br>(91.01) | 16<br>(8.99) | 54<br>(30.34) | 47<br>(26.40) | 47<br>(26.40) | 12<br>(6.74) | 2<br>(1.13) | 178<br>(100.00) |
| ਹੁਸ਼ਿਆਰਪੁਰ | 240<br>(56.87) | 182<br>(43.13) | 94<br>(22.27) | 78<br>(18.48) | 51<br>(12.09) | 12<br>(2.84) | 5<br>(1.19) | 422<br>(100.00) |
| ਜਲੰਧਰ | 375<br>(62.40) | 226<br>(37.60) | 180<br>(29.95) | 97<br>(16.14) | 67<br>(11.15) | 27<br>(4.49) | 4<br>(0.67) | 601<br>(100.00) |
| ਲੁਧਿਆਣਾ | 213<br>(54.76) | 176<br>(45.24) | 61<br>(15.68) | 73<br>(18.77) | 50<br>(12.85) | 22<br>(5.66) | 7<br>(1.80) | 389<br>(100.00) |
| ਮੋਗਾ | 123<br>(58.57) | 87<br>(41.43) | 45<br>(21.43) | 39<br>(18.57) | 32<br>(15.24) | 3<br>(1.43) | 4<br>(1.90) | 210<br>(100.00) |
| ਪਟਿਆਲਾ | 103<br>(75.74) | 33<br>(24.26) | 23<br>(16.91) | 26<br>(19.12) | 30<br>(22.06) | 21<br>(15.44) | 3<br>(2.21) | 136<br>(100.00) |
| ਸੰਗਰੂਰ | 127<br>(62.87) | 75<br>(37.13) | 39<br>(19.31) | 47<br>(23.27) | 27<br>(13.37) | 12<br>(5.94) | 2<br>(0.98) | 202<br>(100.00) |
| ਸ੍ਰੀ ਮੁਕਤਸਰ ਸਾਹਿਬ | 56<br>(78.87) | 15<br>(21.13) | 14<br>(19.72) | 17<br>(23.94) | 15<br>(21.13) | 6<br>(8.45) | 4<br>(5.63) | 71<br>(100.00) |

**ਸਰੋਤ:** ਫੀਲਡ ਸਰਵੇਖਣ, 2022
**ਨੋਟ:** ਬਰੈਕਟਾਂ ਵਿੱਚ ਦਿੱਤੇ ਗਏ ਅੰਕੜੇ ਪ੍ਰਤਿਸ਼ਤਤਾ ਨੂੰ ਦਰਸਾਉਂਦੇ ਹਨ।

ਮੌਜੂਦਾ ਖੋਜ ਅਧਿਐਨ ਦਾ ਇੱਕ ਧਿਆਨ ਦੇਣ ਯੋਗ ਦੁੱਖਦਾਈ ਪੱਖ ਇਹ ਵੀ ਹੈ ਕਿ ਕੁਝ ਪਰਿਵਾਰ ਜਿਵੇਂ ਕਿ ਸ੍ਰੀ ਮੁਕਤਸਰ ਸਾਹਿਬ ਵਿੱਚ 5.63 ਪ੍ਰਤਿਸ਼ਤ, ਬਰਨਾਲਾ ਵਿੱਚ 3.85 ਪ੍ਰਤਿਸ਼ਤ, ਪਟਿਆਲਾ ਵਿੱਚ 2.21 ਪ੍ਰਤਿਸ਼ਤ ਅਤੇ ਬਾਕੀ ਚੁਣੇ ਗਏ ਜ਼ਿਲ੍ਹਿਆਂ ਵਿੱਚ ਦੋ ਪ੍ਰਤਿਸ਼ਤ ਤੋਂ ਘੱਟ ਪਰਿਵਾਰਾਂ ਉੱਤੇ 20 ਲੱਖ ਜਾਂ ਇਸ ਤੋਂ ਵੱਧ ਦਾ ਕਰਜ਼ਾ ਸੀ।

## ਸਿੱਟੇ ਅਤੇ ਨੀਤੀਗਤ ਸੁਝਾਅ

ਪੰਜਾਬ ਦੇ ਚੁਣੇ ਗਏ ਜ਼ਿਲ੍ਹਿਆਂ ਵਿੱਚ ਕੀਤੇ ਗਏ ਫੀਲਡ ਸਰਵੇਖਣ ਦੇ ਮਹੱਤਵਪੂਰਨ ਨਤੀਜੇ ਅਤੇ ਉਹਨਾਂ ਨਾਲ਼ ਸੰਬੰਧਿਤ ਨੀਤੀਗਤ ਸੁਝਾਅ ਹੇਠ ਲਿਖੇ ਲਿਖੇ ਅਨੁਸਾਰ ਹਨ:

- ਮੌਜੂਦਾ ਖੋਜ ਅਧਿਐਨ ਤੋਂ ਪਤਾ ਲੱਗਿਆ ਕਿ ਚੁਣੇ ਗਏ ਸਾਰੇ ਜ਼ਿਲ੍ਹਿਆਂ ਵਿੱਚ ਕੌਮਾਂਤਰੀ ਪਰਵਾਸ ਕਰਨ ਵਾਲ਼ੇ ਲਗਭਗ 80 ਪ੍ਰਤਿਸ਼ਤ ਵਿਅਕਤੀਆਂ ਦੀ ਉਮਰ 15 ਤੋਂ 30 ਸਾਲ ਦੇ ਦਰਮਿਆਨ ਸੀ । ਇਹ ਉਮਰ ਵਰਗ ਦੇਸ ਦੇ ਵਿਕਾਸ ਲਈ ਨਵੇਂ ਵਿਚਾਰਾਂ ਵਾਲ਼ਾ ਸਭ ਤੋਂ ਵੱਧ ਜੋਸ਼ੀਲਾ ਅਤੇ ਪ੍ਰਤਿਭਾਵਾਨ ਮੰਨਿਆ ਜਾਂਦਾ ਹੈ। ਬਹੁਤੇ ਨੌਜਵਾਨ ਸੀਨੀਅਰ ਸੈਕੰਡਰੀ ਪੱਧਰ ਦੀ ਸਿੱਖਿਆ ਪੂਰੀ ਕਰਨ ਤੋਂ ਬਾਅਦ ਹੀ ਵਿਦੇਸਾਂ ਨੂੰ ਪਰਵਾਸ ਕਰ ਰਹੇ ਹਨ। ਇੱਥੋਂ ਤੱਕ ਕਿ ਉੱਚ ਵਿੱਦਿਅਕ ਯੋਗਤਾ ਵਾਲ਼ੇ ਵਿਅਕਤੀ ਵੀ ਵਿਦੇਸਾਂ ਵਿੱਚ ਵੱਸਣ ਨੂੰ ਇੱਕ ਬਿਹਤਰ ਵਿਕਲਪ ਸਮਝਦੇ ਹਨ। ਇਸ ਦੇ ਨਾਲ਼ ਹੀ ਪਰਵਾਸ ਦੀ ਲਾਗਤ, ਅਤੇ ਪਰਵਾਸੀਆਂ ਦੁਆਰਾ ਵਾਪਸ ਭੇਜੀ ਗਈ ਰਕਮ (ਰੈਮਿਟੈਂਸ) ਵਿਚਕਾਰ ਬਹੁਤ ਵੱਡਾ ਪਾੜਾ ਹੈ। ਇਸ ਤਰ੍ਹਾਂ, ਮੌਜੂਦਾ ਖੋਜ ਅਧਿਐਨ ਮੁੱਖ ਤੌਰ ਉੱਤੇ ਪੇਂਡੂ ਪੰਜਾਬ ਤੋਂ ਕੌਮਾਂਤਰੀ ਪਰਵਾਸ ਦੇ ਨਤੀਜੇ ਵਜੋਂ 'ਬੌਧਿਕ ਹੂੰਝਾ','ਪੂੰਜੀ ਹੂੰਝਾ', ਅਤੇ 'ਜਨਸੰਖਿਆ ਲਾਭਅੰਸ਼ ਦੇ ਨੁਕਸਾਨ' ਅਤੇ ਕੁਝ ਹੋਰ ਸਮੱਸਿਆਵਾਂ ਨੂੰ ਉਜਾਗਰ ਕਰਦਾ ਹੈ। ਪੰਜਾਬ ਦੇ ਚੁਣੇ ਗਏ ਸਾਰੇ ਜ਼ਿਲ੍ਹਿਆਂ ਵਿੱਚ ਜ਼ਿਆਦਾਤਰ ਪਰਵਾਸੀਆਂ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਉਹਨਾਂ ਦੇ ਬੱਚਿਆਂ/ਮੈਂਬਰਾਂ ਦੇ ਪਰਵਾਸ ਦਾ ਮੁੱਖ ਕਾਰਨ ਬੇਰੁਜ਼ਗਾਰੀ ਹੈ। ਇਸ ਲਈ ਕੇਂਦਰ ਅਤੇ ਸੂਬਾ ਸਰਕਾਰਾਂ ਨੂੰ ਇਹਨਾਂ ਮੁਸ਼ਕਿਲਾਂ ਨੂੰ ਦੂਰ ਕਰਨ ਲਈ ਰੁਜ਼ਗਾਰ ਦੇ ਢੁਕਵੇਂ ਮੌਕੇ ਪੈਦਾ ਕਰਨੇ ਚਾਹੀਦੇ ਹਨ ਤਾਂ ਜੋ ਪੰਜਾਬੀਆਂ ਨੂੰ ਆਪਣੇ ਪਰਿਵਾਰਕ ਮੈਂਬਰਾਂ ਨੂੰ ਮਜਬੂਰੀਵੱਸ ਵਿਦੇਸ ਨਾ ਭੇਜਣਾ

ਪਵੇ। ਭਾਰਤ ਵਿੱਚ ਵੀ ਵਿਸ਼ੇਸ਼ ਤੌਰ ਉੱਤੇ ਵਿਦਿਆਰਥੀਆਂ ਲਈ ਅੰਸ਼ਕਲੀ ਨੌਕਰੀਆਂ ਪੈਦਾ ਕੀਤੀਆਂ ਜਾਣੀਆਂ ਚਾਹੀਦੀਆਂ ਹਨ ਜਿਵੇਂ ਕੁਝ ਦੇਸ ਵਿਦਿਆਰਥੀਆਂ ਨੂੰ ਆਪਣੇ ਖ਼ਰਚਿਆਂ ਨੂੰ ਪੂਰਾ ਕਰਨ ਲਈ ਇਸ ਤਰ੍ਹਾਂ ਦਾ ਕੰਮ ਪ੍ਰਦਾਨ ਕਰਦੇ ਹਨ।

- ਮੌਜੂਦਾ ਖੋਜ ਅਧਿਐਨ ਇੱਕ ਸੁਝਾਅ ਉਹਨਾਂ ਹੁਸ਼ਿਆਰ ਵਿਦਿਆਰਥੀਆਂ ਨੂੰ ਦਿੰਦਾ ਹੈ ਜੋ ਆਪਣੀ ਸੀਨੀਅਰ ਸੈਕੰਡਰੀ ਪੱਧਰ ਦੀ ਸਿੱਖਿਆ ਪੂਰੀ ਕਰਨ ਤੋਂ ਬਾਅਦ ਹੀ ਵਿਦੇਸਾਂ ਵਿੱਚ ਚਲੇ ਜਾਂਦੇ ਹਨ। ਜੇਕਰ ਉਹ ਵਿਦੇਸੀ ਯੂਨੀਵਰਸਿਟੀਆਂ ਵਿੱਚ ਆਪਣੀ ਉੱਚ ਸਿੱਖਿਆ ਦੀ ਡਿਗਰੀ ਪ੍ਰਾਪਤ ਕਰਨ ਦੇ ਚਾਹਵਾਨ ਹਨ ਤਾਂ ਉਹਨਾਂ ਨੂੰ ਕੁਝ ਵਿਦੇਸੀ ਯੂਨੀਵਰਸਿਟੀਆਂ ਦੁਆਰਾ ਪ੍ਰਦਾਨ ਕੀਤੀ ਜਾਣ ਵਾਲ਼ੇ ਸਕਾਲਰਸ਼ਿਪ ਲਈ ਆਪਣੇ ਆਪ ਨੂੰ ਤਿਆਰ ਕਰ ਕੇ ਵਿਦੇਸ ਜਾਣਾ ਚਾਹੀਦਾ ਹੈ।
- ਪਰਵਾਸੀਆਂ ਦੇ ਪਰਿਵਾਰਕ ਮੈਂਬਰਾਂ ਦੇ ਇੱਕ ਮਹੱਤਵਪੂਰਨ ਅਨੁਪਾਤ ਨੇ ਦੱਸਿਆ ਕਿ ਉਹਨਾਂ ਦੇ ਬੱਚੇ ਸੂਬੇ ਵਿੱਚ ਫੈਲੇ ਨਸ਼ਿਆਂ ਤੋਂ ਬਚਣ ਲਈ ਵਿਦੇਸ ਚਲੇ ਗਏ। ਇਸ ਲਈ, ਕੇਂਦਰ ਅਤੇ ਸੂਬਾ ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਸੂਬੇ ਵਿੱਚ ਨਸ਼ਿਆਂ ਦੇ ਸੰਕਟ ਨੂੰ ਕੰਟਰੋਲ ਕਰਨ ਲਈ ਸਖ਼ਤ ਕਦਮ ਚੁੱਕਣ।
- ਲੋਕ ਵਿਦੇਸ ਜਾਣ ਲਈ ਇੰਨੇ ਉਤਸੁਕ ਹਨ ਕਿ ਉਹ ਗ਼ੈਰ-ਕਾਨੂੰਨੀ ਢੰਗ ਨਾਲ਼ ਜਾਣ ਤੋਂ ਵੀ ਸੰਕੋਚ ਨਹੀਂ ਕਰਦੇ। ਮੌਜੂਦਾ ਖੋਜ ਅਧਿਐਨ ਅਨੁਸਾਰ ਹੁਸ਼ਿਆਰਪੁਰ ਦੇ 3.79 ਪ੍ਰਤਿਸ਼ਤ, ਪਟਿਆਲਾ ਦੇ 2.94 ਪ੍ਰਤਿਸ਼ਤ, ਜਲੰਧਰ ਦੇ 2.66 ਪ੍ਰਤਿਸ਼ਤ ਅਤੇ ਫ਼ਿਰੋਜ਼ਪੁਰ ਦੇ 0.89 ਪ੍ਰਤਿਸ਼ਤ ਪਰਿਵਾਸੀਆਂ ਦੁਆਰਾ ਅਜਿਹੇ ਤਰੀਕੇ ਵਰਤੇ ਗਏ। ਦਲਾਲ-ਤਸਕਰ ਦੇ ਚੁੰਗਲ ਵਿੱਚ ਫਸ ਕੇ ਕੁਝ ਪੰਜਾਬੀ ਨੌਜਵਾਨ ਵਿਦੇਸਾਂ ਦੀ ਸਾਨੋ-ਸੌਕਤ ਦੇ ਪ੍ਰਭਾਵ ਹੇਠ ਗ਼ੈਰ-ਕਾਨੂੰਨੀ ਢੰਗ ਨਾਲ਼ ਪਰਵਾਸ ਕਰ ਜਾਂਦੇ ਹਨ ਜਿਸ ਕਾਰਨ ਉਹਨਾਂ ਨੂੰ ਸ਼ੋਸ਼ਣ ਦਾ ਸ਼ਿਕਾਰ ਹੋਣਾ ਪੈਂਦਾ ਹੈ। ਗ਼ੈਰ-ਕਾਨੂੰਨੀ ਪਰਵਾਸ ਦੀ ਸਮੱਸਿਆ ਦੇ ਹੱਲ ਲਈ ਨੌਜਵਾਨਾਂ ਵਿੱਚ ਪਰਵਾਸ ਦੇ ਗ਼ੈਰ-ਕਾਨੂੰਨੀ ਢੰਗਾਂ ਵਿਰੁੱਧ ਜਾਗਰੂਕਤਾ ਪੈਦਾ ਕਰਨੀ ਚਾਹੀਦੀ ਹੈ। ਨੌਜਵਾਨਾਂ ਨੂੰ ਹੁਨਰ ਅਤੇ ਵਿਵਹਾਰਿਕ ਵਿੱਦਿਆ ਦਿੱਤੀ ਜਾਵੇ ਤਾਂ ਜੋ ਉਹ ਆਪਣੇ ਦੇਸ ਅਤੇ ਵਿਦੇਸਾਂ ਵਿੱਚ ਸਤਿਕਾਰਯੋਗ ਰੁਜ਼ਗਾਰ ਪ੍ਰਾਪਤ ਕਰ ਸਕਣ। ਇਸ ਤੋਂ ਇਲਾਵਾ, ਸਰਕਾਰ ਨੂੰ ਦਲਾਲ-ਤਸਕਰ ਗਠਜੋੜ ਨੂੰ ਤੋੜਨ ਲਈ ਕਾਨੂੰਨ ਬਣਾਉਣ ਅਤੇ ਸਖ਼ਤੀ ਨਾਲ਼ ਲਾਗੂ ਕਰਨ ਦੀ ਜ਼ਰੂਰਤ ਹੈ।
- ਮੌਜੂਦਾ ਖੋਜ ਅਧਿਐਨ ਤੋਂ ਪਤਾ ਲੱਗਿਆ ਕਿ ਵਿਦੇਸਾਂ ਵਿੱਚ ਰਹਿਣ-ਸਹਿਣ ਦੀਆਂ ਵਧੀਆ ਸਥਿਤੀਆਂ ਅਤੇ ਪ੍ਰਸ਼ਾਸਕੀ ਸਹੂਲਤਾਂ ਨੇ ਪੰਜਾਬ ਦੇ ਚੁਣੇ ਗਏ ਸਾਰੇ ਜ਼ਿਲ੍ਹਿਆਂ ਦੇ ਜ਼ਿਆਦਾਤਰ ਵਿਅਕਤੀਆਂ ਨੂੰ ਪਰਵਾਸ ਕਰਨ ਲਈ ਆਕਰਸ਼ਿਤ ਕੀਤਾ। ਇਸ ਲਈ ਕੇਂਦਰ ਅਤੇ ਸੂਬਾ ਸਰਕਾਰਾਂ ਨੂੰ ਸੂਬੇ ਅਤੇ ਦੇਸ ਵਿੱਚ ਰਹਿਣ-ਸਹਿਣ ਦੀਆਂ ਸਥਿਤੀਆਂ ਅਤੇ ਪ੍ਰਸ਼ਾਸਨ ਵਿੱਚ ਕਾਫ਼ੀ ਸੁਧਾਰ ਕਰਨਾ ਚਾਹੀਦਾ ਹੈ।

## ਹਵਾਲ਼ੇ

Anene, C.P., Njoku, C.U. and Theodore, I. (2019). The push and pull factors of poverty: Migration of Nigerians to Europe. Journal of African Studies and Sustainable Development, 2 (1): 58-75.

Behl, S. (2017). International migration and extent of remittances: A case study of rural Punjab. *International Journal of Economic and Business Review*, 5(3), 136-146.

Bhargava, R. and Sharma, P. (2022). Youth Migration from Punjab to Developed Countries. International Journal of Research Publication and Reviews. 3(1): 1469-1471

Browne E. (2017). Evidence on education as a driver for migration, Retrieved from https://assets.publishing.service.gov.uk/media/598086a0ed915d022b00003c/K4D_HDR__Migration_and_Education.pdf

Dodani. S. and Laporte, R.E. (2005). Brain drain from developing countries: how can brain drain be converted into wisdom gain? *Journal of the Royal Society of Medicine*, 98(11), 487-491.

Gaur, S. and Saxena, P.C. (2005). Networks perpetuating labour migration from India to Lebanon: A comparative study from the states of Punjab and Tamil Nadu. Retrieve from https://ipc2005.popconf.org/papers/52510

Gupta, R., Kaur, G., Thakur, P.A., Dadhwal, A., and Pandey, A.K. (2023). Flight from Punjab to Foreign: A case study on international migration of residents of Punjab. European Chemical Bulletin, 12(5): 575-581.

Kainth, G.S. (2010). Push and Pull Factors of Migration: A Case Study of Brick Kiln Migrant Workers in Punjab. Munich Personal RePEc Archive. Retrieve from: https://mpra.ub.uni-muenchen.de/30036/1/PPM

Kapuria, S. and Birwal, D. (2017). International migration from Punjab: Trends and challenges. *Researchpaedia*, 4(1): 27-36.

Kaur, A.P. (2020). Impact of migration on gender roles: Study of left behind wives in rural Punjab. Indian Journal of Health and Well-being. 11(7-9): 407-411.

Kaur, G. (2019). Overseas migration of students from Punjab. International Journal of Research and Analytical Reviews, 6(1):1053-1059.

Kaur, G. and Brar, J.S. (2020). Emigration from Farm Households of Punjab: Nature, Extent and Incidence. Journal of Sikh & Punjab Studies. 27 (1/2): 95-114.

Khadria, B. (2002). Skilled labour migration from developing countries: Study on India. International Migration Papers 49, International Labour Office, Ganeva. Retrieve from: www.ilo.org/global/topics/labour-migration/publications/WCMS_201778/lang--en/index.htm

Ministry of External Affairs (2019). Annual report 2018-2019. Retrieved from http://www.mea.gov.in/Uploads/PublicationDocs/31719_MEA_AR18_19.pdf

Nanda, A.K & Veron J. (2015). Dynamics of International Out-migration from PUNJAB, Report on PIMS. INED, Paris and CRRID, Chandigarh, 1,38.

Organization for Security and Co-operation in Europe (OSCE), International Organization for Migration (IOM), International Labour Office (ILO). (2006). Handbook on Establishing Effective Labour Migration Policies in Countries of Origin and Destination. OSCE, IOM, ILO; Geneva

Pushkarna, M. (2015). Transformation of Punjab due to migration. Journal of Emerging Technologies and Innovative Research. 2(12):1419-1424.

Thakur, V. (2017). A Study on the Socio-Economic Profile of Migrant Labour in District Kangra (Himachal Pradesh). *International Journal of Science and Research*, *6*(8). https://www.ijsr.net/getabstract.php?paperid=ART20175655

The Tribune (2019). Unsettling migration's underbelly, March 03. Retrieved from https://www.tribuneindia.com/news/archive/features/unsettling-migrations-underbelly-737217

United Nations Office on Drugs and Crime (UNODC). (2009). *Smuggling of Migrants from India to Europe and in particular to U.K.: A Study on Punjab and Haryana*. UNODC; New Delhi.

Vadhera, N. and Punia, M.K. (2018). Repercussions of emigration on left behind family members: A study of Sangrur district of Punjab. Shrinkhla Ek Shodhparak Vaicharik Patrika, 06(01): 62-67.

Zaiceva, A. (2014). The impact of aging on the scale of migration. IZA World of Labor. Retrieved from https://wol.iza.org/uploads/articles/99/pdfs/impact-of-aging-on-scale-of-migration.pdf